ਮਾਸਕ ੴ ਪਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

APR 1992

ਅਪ੍ਰੈਲ ੧੯੯੨



www.AKJ.Org

ਗੁ: ਗੁਰੂ ਕੇ ਮਹਿਲ——ਜਨਮ ਅਸਥਾਨ ਗੁਰੂ ਤੇਗ ਬਹਾਦਰ ਜੀ——ਅਵਤਾਰ ਦਿਵਸ ੨੨ ਅਪ੍ਰੈਲ

# ਤਤਕਰਾ


| | | |
|---|---|---|
| ਵੈਸਾਖੁ ਸੁਹਾਵਾ ਤਾ ਲਗੈ | ੩ | ਬਾਰਹਮਾਹਾ ਮਾਂਝ ਮਹਲਾ ੫ |
| ,, ,, —ਅਰਥ ਵਿਆਖਿਆ | ੪ | — — |
| ਅੰਮ੍ਰਿਤ ਕਿਸ ਨੂੰ ਤੇ ਕਿਵੇਂ ਮਿਲਦਾ ਹੈ ? | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗੁਰੂ ਗੋਬਿੰਦ ਸਿੰਘ—ਆਪੇ ਗੁਰ ਚੇਲਾ | ੧੩ | ਪ੍ਰੋਫ਼ੈਸਰ ਜੋਗਿੰਦਰ ਸਿੰਘ ਜੀ |
| ਅਨੋਖੀ ਵਿਸਾਖੀ | ੧੮ | ਭਾਈ ਨਰੈਣ ਸਿੰਘ ਜੀ ਐਮ. ਏ. |
| ਅੰਮ੍ਰਿਤ ਦੀ ਵਿਲੱਖਣਤਾ | ੨੨ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਕੰਘਾ ਰਹਿਤ ਹੈ | ੨੭ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ |
| ਗੁਰੂ ਤੇਗ ਬਹਾਦਰ ਸਾਹਿਬ | ੩੧ | ਦੋ ਵਿਦਵਾਨ |
| ਸੇਈ ਗੁਤਮੁਖਿ ਪਿਆਰੇ ਮੇਲਿ (੭) | ੩੫ | ਪ੍ਰੋਫ਼ੈਸਰ ਗੁਰਮੁਖ ਸਿੰਘ ਜੀ |
| ਗੁਰਸਿੱਖੀ ਜੀਵਨ-ਮਾਰਗ | ੩੭ | ਗਿਆਨੀ ਗੋਪਾਲ ਸਿੰਘ ਜੀ ਮਿੱਤਰ |
| ਖਾਲਸਾ ਪੰਥ ਦਾ ਪ੍ਰਕਾਸ਼ (ਕਵਿਤਾ) | ੩੮ | ਪਾਂਧੀ ਨਨਕਾਣਵੀ |
| ਅੰਮ੍ਰਿਤ-ਧਾਰੀ ਕਰ ਦਿਓ ( ,, ) | ੩੯ | ਸ: ਅਤਰ ਸਿੰਘ ਜੀ ਨੀਰ |
| ਭੂਰਿਆਂ ਵਾਲੇ ਰਾਜੇ ਕੀਤੇ (੨੫) | ੪੦ | ਕੈਪਟਿਨ ਸਵਰਨ ਸਿੰਘ ਜੀ |
| ਅੰਮ੍ਰਿਤ-ਮਈ ਜੀਵਨ ਦੀ ਰਾਸ | ੪੬ | ਪ੍ਰੋਫ਼ੈਸਰ ਰਾਮ ਸਿੰਘ ਜੀ |


| | | | |
|---|---|---|---|
| ਸ੍ਰੀ ਗੁਰੂ ਹਰਿ ਰਾਇ ਜੀ ਗੁਰਿਆਈ | ੧ ਅਪ੍ਰੈਲ | ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ | ੪ ਅਪ੍ਰੈਲ |
| ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ ਜੋਤਿ | ੭ ਅਪ੍ਰੈਲ | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤਿ | ੮ ਅਪ੍ਰੈਲ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਿਆਈ | ੧੫ ਅਪ੍ਰੈਲ | ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ ਜੋਤਿ | ੧੫ ਅਪ੍ਰੈਲ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਵਤਾਰ | ੨੨ ਅਪ੍ਰੈਲ | ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ | ੨੪ ਅਪ੍ਰੈਲ |

ਵੈਸਾਖੀ ਤੇ ਖਾਲਸਾ ਪ੍ਰਗਟਿਆ ੧੩ ਅਪ੍ਰੈਲ

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ—ਭਾਈ ਮੋਹਕਮ ਸਿੰਘ ਜੀ, 16-ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ

੨. ਪਟਿਆਲਾ—ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਗੁਰਦਵਾਰਾ ਦੁਖ ਨਿਵਾਰਨ ਸਾਹਿਬ

੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈਂ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ

੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੰਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ

੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੋਜਿੰਦਰ ਸਿੰਘ ਜੀ, ਪ੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ

੬. ਜ਼ਿਲਾ ਸੰਗਰੂਰ—(ੳ) ਰੋਹੀੜਾ-ਘਨੂਘਾਰਾ, *Via* ਅਹਿਮਦਗੜ੍ਹ, ਰਾ: ਸ਼ਨਦੀਪ ਸਿੰਘ ਜੀ
(ਅ) ਪਿੰਡ ਉਪੋਕੇ, (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ

੭. ਫ਼ਰੀਦਾਬਾਦ ਟਾਊਨ (ਹਰਿਆਣਾ)—ਭਾਈ ਬਲਵੰਤ ਸਿੰਘ ਜੀ, ੫—ਡੀ/੫੫, (੧੨੧੦੦੧)

੮. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ

੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ

੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 52206

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧.੪.੯੨ ਨੂੰ ਪ੍ਰਕਾਸ਼ਤ ਕੀਤਾ

www.AKJ.Org

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੩੦-੦੦ |
| ਇਕ ਧਰਚਾ | ੩-੦੦ |

**ਪਰਦੇਸ (ਸਾਰੇ)**

**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੮੦-੦੦ |
| ਹਵਾਈ ਡਾਕ | ੨੫੦-੦੦ |

**Foreign Subscription**

| | |
|---|---|
| Sea Mail | 80-00 |
| Air Mail | 250-00 |

**ਅਮਾਨਤੀ**

**ਲਾਈਫ਼ ਮੈਂਬਰ**

| | |
|---|---|
| ਦੇਸ | ੨੫੦-੦੦ |

**ਪਰਦੇਸ (ਸਾਰ)**

| | |
|---|---|
| ਸਮੁੰਦਰੀ ਡਾਕ | ੮੦੦-੦੦ |
| ਹਵਾਈ ਡਾਕ | ੨੦੦੦-੦੦ |

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੯ ਅਪ੍ਰੈਲ ੧੯੯੨ ਅੰਕ ੪


## ਵੈਸਾਖੁ ਸੁਹਾਵਾ ਤਾਂ ਲਗੈ

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥

[ਬਾਰਹਮਾਹਾ ਮਾਂਝ ਮਹਲਾ ੫




www.AKJ.Org

# ਵੈਸਾਖ ਮਹੀਨੇ ਦੀ ਅਰਥ-ਵਿਆਖਿਆ

**ਪਦ ਅਰਥ** : ਵੈਸਾਖਿ—ਵੈਸਾਖ ਵਿਚ। ਧੀਰਨਿ ਕਿਉ—ਕਿਵੇਂ ਧੀਰਜ ਕਰਨ ? ਵਾਢੀਆ—ਵਿਛੜੀਆਂ ਹੋਈਆਂ। ਪ੍ਰੇਮ ਬਿਛੋਹੁ—ਪ੍ਰਭੂ-ਪ੍ਰੇਮ ਦਾ ਵਿਛੋੜਾ । ਮਾਇਆ ਧੋਹੁ—ਧ੍ਰੋਹ ਰੂਪ ਮਾਇਆ । ਕਲਤ੍ਰ—ਇਸਤ੍ਰੀ, ਪਤਨੀ। ਅਬਿਨਾਸੀ—ਨਾਸ ਰਹਿਤ, ਸਦਾ ਥਿਰ। ਪਲਚਿ ਪਲਚਿ—ਫਸ ਫਸ ਕੇ, ਉਲਝ ਉਲਝ ਕੇ। ਸਗਲੀ—ਸਾਰੀ (ਸ੍ਰਿਸ਼ਟੀ, ਲੁਕਾਈ)। ਮੁਈ—ਮਰੀ ਪਈ ਹੈ, ਖੁਆਰ ਹੋਈ ਪਈ ਹੈ। ਧੰਧੈ ਮੋਹੁ—ਧੰਧੇ ਦਾ ਮੋਹ, ਕਰਮ-ਕਾਂਡਾਂ ਦੇ ਧੰਦੇ ਦਾ ਮੋਹ। ਲਈਅਹਿ ਖੋਹਿ—ਖੋਹ ਲਏ ਜਾਂਦੇ ਹਨ। ਦਯੁ—ਦਈਵ, ਵਾਹਿਗੁਰੂ । ਵਿਗੁਚਣਾ—ਖੁਆਰ ਹੋਣਾ ਹੈ। ਪ੍ਰੀਤਮ—ਪਿਆਰਾ ਵਾਹਿਗੁਰੂ। ਸੋਇ—ਸੋਭਾ, ਸ਼ੁਹਰਤ । ਪਰਾਪਤਿ ਹੋਇ—ਪ੍ਰਾਪਤੀ ਹੋਵੇ, ਰੀਝ ਪੂਰੀ ਹੋਵੇ। ਸੰਤੁ ਭੇਟੈ ਹਰਿ—ਹਰੀ ਸੰਤ ਮਿਲਦਾ ਹੈ। ਹਰਿ ਸੰਤੁ—ਹਰੀ ਜੋ ਸਭ ਉਤਮ ਗੁਣਾਂ ਵਾਲਾ ਹੈ।

**ਅਰਥ** : (ਵੈਸਾਖੀ ਦਾ ਖੇੜਾ ਸਭ ਨੂੰ ਖਿੜਾਉਂਦਾ ਹੈ, ਪਰ) ਵੈਸਾਖ ਵਿਚ ਜਿਨ੍ਹਾਂ ਜੀਵ-ਇਸਤ੍ਰੀਆਂ ਦਾ ਪ੍ਰਭੂ-ਪ੍ਰੇਮ ਤੋਂ ਵਿਛੋੜਾ ਹੋਇਆ ਹੋਇਆ ਹੈ, ਜੋ ਵਾਹਿਗੁਰੂ ਦੇ ਪ੍ਰੇਮ ਵਿਚ ਰਤੀਆਂ ਨਹੀਂ, ਉਨ੍ਹਾਂ ਦੇ ਹਿਰਦੇ ਕਿਵੇਂ ਧੀਰਜ ਕਰਨ ? ਸਜਣ ਪੁਰਖ ਵਾਹਿਗੁਰੂ ਨੂੰ ਵਿਸਾਰਨ ਕਰਕੇ ਠਗਣੀ ਮਾਇਆ ਉਨ੍ਹਾਂ ਨੂੰ ਚੰਬੜੀ ਹੋਈ ਹੈ। ਨਾ ਪੁਤਰ, ਨਾ ਪਤਨੀ ਤੇ ਨਾ ਧਨ ਪਦਾਰਥ (ਕੋਈ ਵੀ ਅਗਲੀ ਦਰਗਾਹ ਵਿਚ) ਪ੍ਰਾਣੀ ਦੇ ਸਾਥ ਨਹੀਂ ਨਿਭਣੇ, ਇਕੋ ਓਹ ਅਬਿਨਾਸ਼ੀ ਵਾਹਿਗੁਰੂ ਹੀ ਹੈ (ਜੋ ਅੰਤ ਕਾਲ ਪ੍ਰਾਣੀ ਦੇ ਨਾਲ ਜਾਂਦਾ ਹੈ)।

(ਕਰਮ-ਕਾਂਡਾਂ ਆਦਿ ਦੇ) ਝੂਠੇ ਧੰਦਿਆਂ ਦਾ ਜੋ ਮੋਹ ਹੈ, ਉਸ ਵਿਚ ਸਾਰੀ ਖ਼ਲਕਤ ਖੁਆਰ ਹੋਈ ਪਈ ਹੈ। ਇਕ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਅਗੇ (ਸਭ ਕਰਮ ਧਰਮ) ਖੋਹ ਲਏ ਜਾਂਦੇ ਹਨ।

ਵਾਹਿਗੁਰੂ ਨੂੰ ਵਿਸਾਰ ਕੇ ਖੁਆਰ ਹੋਈਦਾ ਹੈ। ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਵੀ ਸਹਾਈ ਨਹੀਂ ਹੁੰਦਾ। ਪਿਆਰੇ ਪ੍ਰੀਤਮ ਪ੍ਰਭੂ ਦੀ ਚਰਨੀ ਜਿਹੜੇ ਲਗਦੇ ਹਨ, ਉਨ੍ਹਾਂ ਦੀ ਲੋਕ ਪਰਲੋਕ ਵਿਚ ਬੜੀ ਉਤਮ ਸੋਭਾ ਹੁੰਦੀ ਹੈ।

ਹੇ ਵਾਹਿਗੁਰੂ ! ਦਾਸ ਨਾਨਕ ਦੀ ਤੇਰੇ ਪਾਸ ਬੇਨਤੀ ਹੈ ਕਿ ਹੇ ਪ੍ਰਭੂ ! ਮੈਨੂੰ ਮਿਲੋ ਜੀ, (ਤਾਕਿ ਪ੍ਰਭੂ-ਮਿਲਾਪ ਦੀ ਮੇਰੀ ਰੀਝ) ਪੂਰੀ ਹੋ ਜਾਵੇ। ਵੈਸਾਖ ਦਾ ਮਹੀਨਾ ਤਦੇ ਹੀ ਸੁਹਾਵਣਾ ਹੈ ਜੋ ਹਰੀ ਸੰਤ ਮਿਲ ਪਵੇ।

**ਵਿਆਖਿਆ** : ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਵੈਸਾਖ ਮਹੀਨੇ ਦੁਆਰਾ ਪ੍ਰਾਣੀ ਮਾਤ੍ਰ ਨੂੰ ਉਪਦੇਸ਼ ਦੇਂਦੇ ਹਨ ਕਿ ਜਿਹੜੀਆਂ ਜੀਵ-ਇਸਤ੍ਰੀਆਂ ਵਾਹਿਗੁਰੂ ਤੋਂ ਵਿਛੜੀਆਂ ਹੋਈਆਂ ਹਨ, ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ-ਪਤੀ ਲਈ ਪ੍ਰੇਮ ਨਹੀਂ, ਉਨ੍ਹਾਂ ਨੂੰ ਧੀਰਜ ਕਿਵੇਂ ਆ ਸਕਦਾ ਹੈ ? ਉਹ ਕਿਵੇਂ ਸੁਖੀ ਹੋ ਸਕਦੀਆਂ ਹਨ ? ਉਹ ਆਪਣਾ ਜਨਮ ਭੋਂ ਦੇ ਪਹਾੜੇ ਫ਼ਜ਼ੂਲ ਗੁਆਂਦੀਆਂ ਹਨ, ਕਿਉਂਕਿ ਉਨ੍ਹਾਂ ਨੂੰ ਪਿਆਰੇ ਪ੍ਰੀਤਮ ਪ੍ਰਭੂ ਦੀ ਕੋਈ ਸਾਰ ਹੀ ਨਹੀਂ, ਉਨ੍ਹਾਂ ਨੂੰ ਵਾਹਿਗੁਰੂ ਦੇ ਦਰ ਤੇ ਕੋਈ ਥਾਂ ਨਹੀਂ। ਗੁਰਵਾਕ :—

(ੳ) ਸਾਧਨ ਢੋਈ ਨ ਲਹੈ ਵਾਢੀ ਕਿਉ ਧੀਰੇਉ ॥...੧॥
ਪਿਰ ਬਿਨੁ ਜੋਬਨੁ ਬਾਦਿ ਗਇਅਮੁ ਵਾਢੀ ਝੂਰੇਦੀ ਝੂਰੇਉ ॥੫॥੯॥ (ਪੰਨਾ ੧੦੧੪)

(ਅ) ਦੋਹਾਗਣੀ ਕਿਆ ਨੀਸਾਣੀਆ ॥ ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥
ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ ॥੭॥੧੦॥ (੭੨)

(ੲ) ਦੋਹਾਗਣੀ ਮਹਲੁ ਨ ਪਾਇਨੀ, ਨ ਜਾਣਨਿ ਪਿਰ ਕਾ ਸੁਆਉ ॥
ਫਿਕਾ ਬੋਲਹਿ ਨ ਨਿਵਹਿ, ਦੂਜਾ ਭਾਉ ਸੁਆਉ ॥੧॥੬੦॥ (੪੨੬)

ਵਾਹਿਗੁਰੂ ਤੋਂ ਭੁਲੇ ਪ੍ਰਾਣੀ ਹਰੀ ਸਜਣ ਮਾਲਕ ਨੂੰ ਵਿਸਾਰਨ ਕਰਕੇ, ਮਾਇਆ ਠਗਣੀ ਦੇ ਜਾਲ ਵਿਚ ਫਸ ਕੇ ਪਰਵਾਰ ਵਿਚ, ਪੁਤਰਾਂ ਤੇ ਪਤਨੀ ਦੇ ਮੋਹ ਵਿਚ ਅਤੇ ਧਨ ਇਕੱਠਾ ਕਰਨ ਵਿਚ ਭਟਕਦੇ



www.AKJ.Org

ਫਿਰਦੇ ਹਨ, ਜਿਨ੍ਹਾਂ ਨੇ ਕਿ ਅੰਤ ਸਮੇਂ ਸਾਥ ਨਹੀਂ ਦੇਣਾ । ਸ੍ਰੀ ਗੁਰੂ ਰਾਮ ਦਾਸ ਜੀ ਦਾ ਫੁਰਮਾਨ ਹੈ ਕਿ–

ਪੁਤੁ ਕਲਤੁ ਕੁਟੰਬ ਹੈ ਮਾਇਆ ਮੋਹੁ ਵਧਾਇ ॥
ਦਰਗਹਿ ਲੇਖਾ ਮੰਗੀਐ ਕੋਈ ਅੰਤਿ ਨ ਸਕੀ ਛਡਾਇ ॥
ਬਿਨੁ ਨਾਵੈ ਸਭ ਦੂਖੁ ਹੈ ਦੁਖਦਾਈ ਮੋਹ ਮਾਇ ॥
ਨਾਨਕ ਗੁਰਮੁਖਿ ਨਦਰੀ ਆਇਆ ਮੋਹ ਮਾਇਆ ਵਿਛੁੜਿ ਸਭ ਜਾਇ ॥੧੭॥ (੧੪੨੨)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਨੁਖੀ ਜੀਵਨ ਨੂੰ ਚਾਰ ਪਹਰਾਂ ਵਿਚ ਵੰਡਿਆ ਹੈ । ਤੀਜੇ ਪਹਰ ਵਿਚ ਦਸਿਆ ਹੈ ਕਿ ਪ੍ਰਾਣੀ ਸਾਧ ਸੰਗਤ ਵਿਚ ਨਹੀਂ ਜਾਂਦਾ ਅਤੇ ਸਿਰਜਣਹਾਰ ਸੁਆਮੀ ਨੂੰ ਵਿਸਾਰ ਕੇ ਅੰਨ੍ਹਾ ਹੋਇਆ ਮਾਇਆ ਇਕੱਤਰ ਕਰਨ ਵਿਚ ਰੁਝਾ ਰਹਿੰਦਾ ਹੈ, ਜਿਸ ਕਰਕੇ ਜਨਮ ਮਰਨ ਦੇ ਗੇੜ ਵਿਚ ਭਟਕਣਾ ਪਵੇਗਾ । ਗੁਰ ਫੁਰਮਾਨ ਹੈ–

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਖੁ ਸੰਚੈ ਅੰਧੁ ਅਗਿਆਨੁ ॥
ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ ਲਹਰਿ ਲੋਭਾਨੁ ॥
ਅੰਤਰਿ ਲਹਰਿ ਲੋਭਾਨੁ ਪਰਾਨੀ ਸੋ ਪ੍ਰਭੁ ਚਿਤਿ ਨ ਆਵੈ ॥
ਸਾਧ ਸੰਗਤਿ ਸਿਉ ਸੰਗੁ ਨ ਕੀਆ ਬਹੁ ਜੋਨੀ ਦੁਖੁ ਪਾਵੈ ॥
ਸਿਰਜਨਹਾਰੁ ਵਿਸਾਰਿਆ ਸੁਆਮੀ ਇਕ ਨਿਮਖ ਨ ਲਗੋ ਧਿਆਨੁ ॥
ਕਹੁ ਨਾਨਕ ਪ੍ਰਾਣੀ ਤੀਜੈ ਪਹਰੈ ਬਿਖੁ ਸੰਚੈ ਅੰਧੁ ਅਗਿਆਨੁ ॥੩॥ (ਪੰਨਾ ੭੭)

ਜੇ ਪ੍ਰਾਣੀ ਨੂੰ ਧਰਮ ਨਿਭਾਉਣ ਦਾ ਖਿਆਲ ਆਉਂਦਾ ਵੀ ਹੈ ਤਾਂ ਉਹ ਫੋਕਟ ਕਰਮਾਂ ਧਰਮਾਂ, ਪੁੰਨ-ਦਾਨ, ਵਰਤ-ਨੇਮ ਅਤੇ ਤੀਰਥ-ਇਸ਼ਨਾਨ ਵਿਚ ਹੀ ਆਪਣੀ ਕਲਿਆਨ ਸਮਝਦਾ ਹੈ, ਜੋ ਨਿਰਾ ਹੰਕਾਰ ਵਧਾਉਣ ਦਾ ਕਾਰਨ ਹੁੰਦੇ ਹਨ । ਇਨ੍ਹਾਂ ਨਾਲ ਮਨ ਦੀ ਮੈਲ ਨਹੀਂ ਮਿਟਦੀ, ਅੰਦਰਲੀ ਭਟਕਣਾ, ਤ੍ਰਿਸ਼ਨਾ ਨਹੀਂ ਬੁਝਦੀ, ਜਿਵੇਂ ਕਿ ਸਤਿਗੁਰੂ ਜੀ ਨੇ ਸੁਖਮਨੀ ਸਾਹਿਬ ਤੀਜੀ ਅਸ਼ਟਪਦੀ ਵਿਚ ਸਪੱਸ਼ਟ ਕਰਦਿਆਂ ਕਿਹਾ ਹੈ—

ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥ ਅਨਿਕ ਜਤਨ ਕਰਿ ਤ੍ਰਿਸਨ ਨ ਧ੍ਰਾਪੈ ॥੪॥੩॥

ਇਹ ਸਭ ਝੂਠੇ ਧੰਧੇ ਹਨ, ਪਾਖੰਡ ਕਿਰਿਆ ਹੈ, ਹਰਿ ਦਰਗਾਹ ਵਿਚ ਇਨ੍ਹਾਂ ਦਾ ਕੋਈ ਮੁਲ ਨਹੀਂ, ਇਹ ਅੰਤ ਸਮੇਂ ਸਭ ਜਮ-ਮਾਰਗ ਵਿਚ ਹੀ ਲੁਟੇ ਜਾਣਗੇ । ਤੋੜ ਸਾਥ ਕੇਵਲ ਵਾਹਿਗੁਰੂ ਦਾ ਸਿਮਰਨ ਅਤੇ ਉਸ ਦੀ ਸਿਫਤ ਸਲਾਹ ਹੀ ਜਾਣੀ ਹੈ, ਜਿਵੇਂ—

(ੳ) ਅਵਰ ਕਰਤੂਤਿ ਸਗਲ ਜਮੁ ਡਾਨੈ ॥ ਗੋਬਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥੪॥੩॥ (੨੬੬)

(ਅ) ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥ਰਹਾਉ॥
ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥
ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥੧॥੧੬੪॥ (੨੧੬)

(ੲ) ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥੫੦॥ (੭੪੭)

ਪ੍ਰਭੂ ਵਾਹਿਗੁਰੂ ਨੂੰ ਵਿਸਾਰ ਕੇ ਖੁਆਰ ਹੀ ਹੋਣਾ ਹੈ, ਰਤਨ ਜਨਮ ਗੁਆਣਾ ਹੈ, ਸੰਸਾਰ ਭਉਜਲ ਵਿਚ ਡੁਬਣਾ ਹੀ ਹੈ । ਮਾਇਆ ਖ਼ਾਤਰ ਦਿਨ ਰਾਤ ਵਿਲਕਦੇ ਰਹਿਣਾ ਕਾਂ ਵਾਂਗ ਲੋਂਦੇ ਫਿਰਨਾ ਹੀ ਹੈ, ਗੁਰਵਾਕ –

(ੳ) ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥੧੩॥ (੪੭੦)

(ਅ) ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥ (੩੪੦)

(ੲ) ਖਸਮ ਬਿਸਾਰਿ ਆਨ ਕੰਮ ਲਾਗਹਿ ॥

*



www.AKJ.Org

# ਅੰਮ੍ਰਿਤ ਕਿਸ ਨੂੰ ਤੇ ਕਿਵੇਂ ਮਿਲਦਾ ਹੈ ?

[ਸਚਖੰਡ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਇਹ ਅੰਮ੍ਰਿਤ-ਨਾਮ ਜਿਸ ਨੂੰ ਮਿਲਿਆ ਹੈ ਅਤੇ ਜਿਸ ਨੇ ਇਸ ਦੀ ਅਭਿਆਸ ਕਮਾਈ ਕੀਤੀ ਹੈ, ਉਸ ਵਡਭਾਗੀ ਗੁਰਮੁਖ-ਜਨ ਨੂੰ ਇਸ ਦਾ ਅਗਾਧ ਸੁਆਦ ਆਇਆ ਹੈ, ਇਸ ਸੁਆਦ ਦੇ ਮੁਕਾਬਲੇ ਵਿਚ ਉਸ ਨੂੰ ਹੋਰਸ ਰਸਾਂ ਕਸਾਂ ਦੇ ਸੁਆਦ ਸਭ ਫਿਕੇ ਪ੍ਰਤੀਤ ਹੋਏ ਹਨ। ਉਹ ਉਹਨਾਂ ਬਿਖੇ-ਰਸ ਸੁਆਦਾਂ ਵਿਚ ਲਗਦੇ ਹੀ ਨਹੀਂ। ਜਿਸ ਜਿਸ ਜਨ ਨੇ ਇਸ ਅੰਮ੍ਰਿਤ-ਨਾਮ ਮਹਾਂ ਰਸ ਨੂੰ ਪੀਤਾ ਹੈ, ਸੋ ਅਮਰ ਹੋ ਗਿਆ ਹੈ ਅਤੇ ਪੀ ਪੀ ਕੇ ਤ੍ਰਿਪਤ ਹੋ ਗਿਆ ਹੈ। ਪ੍ਰੰਤੂ ਇਹ ਅੰਮ੍ਰਿਤ-ਨਾਮ-ਨਿਧਾਨ ਗੁਰੂ ਘਰ ਵਿਖੇ ਗੁਰਮੰਤ੍ਰ ਮਿਲਣ ਕਰਿ ਅਤੇ ਇਸ ਗੁਰਮੰਤ੍ਰ ਦੇ ਸਦਾ ਮਨ ਵੁਠੇ ਰਹਿਣ ਕਰਿ ਪ੍ਰਾਪਤ ਹੁੰਦਾ ਹੈ। ਯਥਾ ਗੁਰਵਾਕ :—

ਅੰਮ੍ਰਿਤ ਨਾਮੁ ਸਦਾ ਨਿਰਮਲੀਆ ॥ ਸੁਖਦਾਈ ਦੂਖ ਬਿਡਾਰਨ ਹਰੀਆ ॥
ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ ।੧॥
ਜੋ ਜੋ ਪੀਵੈ ਸੋ ਤ੍ਰਿਪਤਾਵੈ ॥ ਅਮਰੁ ਹੋਵੈ ਜੋ ਨਾਮ ਰਸੁ ਪਾਵੈ ॥
ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ ॥੨॥੨੨॥
ਮਾਝ ਮ: ੫, ਪੰਨਾ ੧੦੦੧

ਬੜੇ ਸ਼ੋਕ ਵਾਲੀ ਗੱਲ ਹੈ ਕਿ ਗੁਰੂ ਘਰ ਵਿਖੇ ਆ ਕੇ ਅਤੇ ਗੁਰੂ ਦੇ ਸਿਖ ਸਦਾ ਕੇ ਭੀ ਬਹੁਤਿਆਂ ਨੂੰ ਇਹ ਅੰਮ੍ਰਿਤ-ਨਾਮ-ਨਿਧਾਨ ਪ੍ਰਾਪਤ ਨਹੀਂ ਹੁੰਦਾ। ਇਸ ਦਾ ਵੱਡਾ ਕਾਰਨ ਇਹ ਹੈ ਕਿ ਓਹਨਾਂ ਨੂੰ ਪਹਿਲਾਂ ਤਾਂ ਅੰਮ੍ਰਿਤ-ਨਾਮ-ਨਿਧਾਨੀ ਗੁਰਮੁਖ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕਣ ਦਾ ਸੁਭਾਗ ਹੀ ਨਹੀਂ ਜੁੜਦਾ, ਜਿਸ ਦੇ ਨਾ ਜੁੜਨ ਕਰਕੇ ਓਹਨਾਂ ਨੂੰ ਗੁਰਮਤਿ ਨਾਮੁ ਗੁਰਮੰਤ੍ਰ ਹੀ ਨਹੀਂ ਮਿਲਦਾ, ਨਾ ਹੀ ਹੋਰ ਕਿਸੇ ਬਿਧਿ ਮਿਲ ਸਕਦਾ ਹੈ। ਗੁਰਮੰਤ੍ਰ ਨਾਮ ਦੇ ਪੂਰਨ ਗੁਰਮਤਿ ਬਿਧੀ ਅਨੁਸਾਰ ਨਾ ਮਿਲਣ ਕਰਕੇ ਨਾਮ ਦ੍ਰਿੜ੍ਹ ਨਹੀਂ ਹੁੰਦਾ। ਦ੍ਰਿੜ੍ਹ ਹੋਏ ਬਾਝੋਂ ਨਾਮ ਅਭਿਆਸ ਦੀ ਕਮਾਈ ਨਹੀਂ ਹੋ ਸਕਦੀ। ਕਮਾਈ ਕੀਤ

---

* ਕਉਡੀ ਬਦਲੇ ਰਤਨ ਤਿਆਗਹਿ ॥੧॥ਰਹਾਉ॥੧੬॥ (੧੯੫)
(ਸ) ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥
ਨਾਨਕ ਅਨਦਿਨ ਬਿਲਪਤੇ ਜਿਉ ਸੁੰਞੈ ਘਰਿ ਕਾਉ ॥੧॥੧੫॥ (੫੨੨)

ਇਸ ਝੂਠ-ਪਸਾਰੇ ਤੋਂ ਛੁਟਕਾਰਾ ਕਵਲ ਪ੍ਰਭੂ ਦੇ ਲੜ ਲਗਿਆਂ ਹੀ ਹੋਣਾ ਹੈ। ਅਤੇ ਜਿਹੜੇ ਸਤਿਗੁਰੂ ਪੂਰੇ ਤੋਂ ਗੁਰ-ਦੀਖਿਆ ਲੈ ਕੇ ਪ੍ਰੀਤਮ ਦੀ ਚਰਨੀ ਲਗ ਜਾਂਦੇ ਹਨ, ਉਨ੍ਹਾਂ ਦੀ ਲੋਕ ਪ੍ਰਲੋਕ ਵਿਚ ਸੋਭਾ ਹੁੰਦੀ ਹੈ—

ਸਭਿ ਰਸ ਤਿਨ ਕੈ ਰਿਦੈ ਹਹਿ ਜਿਨ ਹਰਿ ਵਸਿਆ ਮਨ ਮਾਹਿ ॥
ਹਰਿ ਦਰਗਹਿ ਤੇ ਮੁਖ ਉਜਲੇ ਤਿਨ ਕਉ ਸਭਿ ਦੇਖਣ ਜਾਹਿ ॥...
ਤੇ ਹਰਿ ਦਰਗਹਿ ਪੈਨਾਈਅਹਿ ਜਿਨ ਹਰਿ ਵੁਠਾ ਮਨ ਮਾਹਿ ॥
ਓਇ ਆਪਿ ਤਰੇ ਸਭ ਕੁਟੰਬ ਸਿਉ ਤਿਨ ਪਿਛੈ ਸਭੁ ਜਗਤੁ ਛਡਾਇ ॥੧॥੧੭॥(੩੧੦)

ਅਤੇ— ਮਾਈ ਜ ਪ੍ਰਭ ਕੇ ਗੁਨ ਗਾਵੈ ॥
ਸਫਲ ਆਇਆ ਜੀਵਨ ਫਲੁ ਤਾ ਕੋ ਪਾਰਬ੍ਰਹਮ ਲਿਵ ਲਾਵੈ ॥੧॥੧੯॥ (੩੯੭)

ਅੰਤ ਵਿਚ ਸਤਿਗੁਰੂ ਜੀ ਆਪਣੇ ਆਪ ਲਈ ਪ੍ਰਭੂ ਅਗੇ ਮਿਲਾਪ ਦੀ ਜੋਦੜੀ ਕਰਦੇ ਹੋਏ ਕਹਿੰਦੇ ਹਨ ਕਿ ਵੈਸਾਖ ਦਾ ਮਹੀਨਾ ਉਨ੍ਹਾਂ ਲਈ ਹੀ ਭਲਾ ਹੈ, ਜੋ ਉਸ ਵਾਹਿਗੁਰੂ-ਸੰਤ ਦੇ ਲੜ ਲਗਦੇ ਹਨ ਜੋ ਸਭ ਉਤਮ ਗੁਣਾਂ ਦਾ ਖ਼ਜ਼ਾਨਾ ਹੈ।


www.AKJ.Org

ਬਿਨਾਂ ਬੀਜ ਮਾਤਰ ਨਾਮ-ਗੁਰਮੰਤ੍ਰ ਅੰਮ੍ਰਿਤ-ਰਸ-ਕਲਾ ਵਿਚ ਫਲਦਾ ਫਲਦਾ ਨਹੀਂ। ਅੰਮ੍ਰਿਤ-ਰਸ-ਕਲਾ ਅਤੇ ਸਫਲ ਫਲਾ ਸੰਪੂਰਨੀ ਗਤਿ ਪ੍ਰਾਪਤ ਹੋਏ ਬਿਨਾਂ ਗੁਰਸਿਖ ਜਗਿਆਸੂ ਡਿਗਣ ਡੋਲਣ ਦੇ ਖ਼ਤਰੇ ਤੋਂ ਰਹਿਤ ਨਹੀਂ ਹੋ ਸਕਦਾ। ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰਾ ਮੰਤ੍ਰਾਇਆ ਦ੍ਰਿੜ੍ਹਾਇਆ ਅਤੇ ਕਮਾਇਆ ਨਾਮ ਹੀ, ਨਾਮ-ਅਭਿਆਸ-ਕਮਾਈ-ਕਰਨਹਾਰੇ ਗੁਰਸਿਖ ਨੂੰ ਡਿਗਣ ਡੋਲਣ ਦੇ ਖ਼ਤਰੇ ਤੋਂ ਰਹਿਤ ਕਰ ਸਕਦਾ ਹੈ। ਯਥਾ ਗੁਰਵਾਕ—

ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ ॥
ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ ॥੨॥੫॥

ਧਨਾਸਰੀ ਮ: ੫, ਪੰਨਾ ੬੭੧

ਜਿਨ੍ਹਾਂ ਨੇ ਰਸਮ ਪੂਰਬਕ ਹੀ ਅੰਮ੍ਰਿਤ ਛਕਿਆ ਹੈ, ਜਿਨ੍ਹਾਂ ਨੂੰ ਨਾਮ ਕਮਾਈ ਵਾਲੇ ਗੁਰਮੁਖਿ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕਣ ਦਾ ਸੁਭਾਗ ਨਹੀਂ ਜੁੜਿਆ, ਓਹਨਾਂ ਉਤੇ ਨਾ ਹੀ ਅੰਮ੍ਰਿਤ-ਕਲਾ ਵਰਤਦੀ ਹੈ, ਨਾ ਹੀ ਉਨ੍ਹਾਂ ਦਾ ਜੀਵਨ ਹੀ ਤਤਕਾਲ ਨਵਜਨਮਾ, ਗਵਨ ਮਿਟਨਵਾ ਜੀਵਨ ਹੋ ਸਕਦਾ ਹੈ। ਨਾ ਹੀ ਓਹਨਾਂ ਨੂੰ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ। ਨਾਮ ਗੁਰਮੰਤ੍ਰ ਉਹਨਾਂ ਨੂੰ ਮਿਲਦਾ ਹੀ ਨਹੀਂ, ਮਿਲੇ ਤਾਂ ਜੇ ਪੰਜੇ ਪਿਆਰੇ ਖ਼ੁਦ ਨਾਮ ਦੇ ਅਭਿਆਸੀ ਅਤੇ ਨਾਮ-ਅਭਿਆਸ ਕਮਾਈਆਂ ਵਾਲੇ ਕਮਲ-ਵਿਗਾਸੀ ਹੌਸਲੇ ਹੋਣ। ਜਦ ਅੰਮ੍ਰਿਤ ਨਾਮ ਓਹਨਾਂ ਅੰਮ੍ਰਿਤ ਛਕਣ-ਹਾਰਿਆਂ ਦੇ ਅੰਦਰ ਬੀਜ ਮਾਤਰ ਭੀ ਅੰਕ੍ਰਿਤ ਨਹੀਂ ਹੁੰਦਾ ਤਦ ਓਹਨਾਂ ਨੇ ਕੀ ਨਾਮ-ਅਭਿਆਸ-ਕਮਾਈਆਂ ਕਰਨੀਆਂ ਹਨ? ਅਤੇ ਕੀ ਉਸ ਅੰਮ੍ਰਿਤ ਨੇ ਫਲੀਭੂਤ ਹੋਣਾ ਹੈ? ਅਤੇ ਕੀ ਅਮਰ ਕਲਾ ਵਰਤਣੀ ਹੈ? ਅਤੇ ਕੀ ਉਹਨਾਂ ਨੂੰ ਅੰਮ੍ਰਿਤ ਦੀ ਮਹੱਤਤਾ ਦਾ ਸ਼ਊਰ ਹੋਣਾ ਹੈ? ਉਹਨਾਂ ਦਾ ਇਹ ਕਹਿਣਾ ਕਿਸੇ ਅਰਥ ਨਹੀਂ ਕਿ ਕਿਸੇ ਹਾਲਤ ਵਿਚ ਭੀ ਦੂਜੀ ਵਾਰ ਅੰਮ੍ਰਿਤ ਨਹੀਂ ਛਕਿਆ ਜਾਣਾ ਚਾਹੀਦਾ। ਜੇ ਸੱਚ ਮੁੱਚ ਅੰਮ੍ਰਿਤ ਦੀ ਕਦਰ-ਕੀਮਤ ਹੈ ਤਾਂ ਅੰਮ੍ਰਿਤ ਛਕ ਕੇ ਅੰਮ੍ਰਿਤ ਸਮੇਂ ਦਰਸਾਈਆਂ ਦ੍ਰਿੜ੍ਹਾਈਆਂ ਰਹਿਤ-ਰਹਿਣੀਆਂ ਦੇ ਰੱਖਣ ਕਮਾਉਣ ਉਤੇ ਤਤਪਰ ਅਤੇ ਕਾਇਮ ਰਹਿਣਾ ਚਾਹੀਏ, ਨਾ ਕਿ ਪਤਿਤ ਕਰਮਾਂ ਵਿਚ ਪਰਵਿਰਤ ਹੋਣੋਂ ਭੀ ਸੰਕੋਚ ਨਾ ਕੀਤਾ ਜਾਏ। ਅੰਮ੍ਰਿਤਧਾਰੀ ਹੋ ਕੇ, ਅੰਮ੍ਰਿਤ-ਰਸੀਆ ਹੋ ਕੇ ਜੇ ਫੇਰ ਜ਼ਹਿਰ ਪੀਂਦਾ ਫਿਰੇ ਤਾਂ ਉਸ ਦੇ ਮਹਾਂ ਅਭਾਗ ਹਨ।

ਜੋ ਹਲਾਹਲ ਸੋ ਪੀਵੈ ਬਉਰਾ ॥ ਅੰਮ੍ਰਿਤ ਨਾਮੁ ਜਾਨੈ ਕਰਿ ਕਉਰਾ...॥੩॥੮੨॥

ਗਉੜੀ ਗੁਆਰੇਰੀ ਮ: ੫, ਪੰਨਾ ੧੮੦

ਵਾਲਾ ਗੁਰਵਾਕ ਐਨ ਓਹਨਾਂ ਉਪਰ ਹੀ ਘਟਦਾ ਹੈ। ਜਿਨ੍ਹਾਂ ਨੂੰ ਅੰਮ੍ਰਿਤ ਦੀ ਪਵਿੱਤ੍ਰਤਾ ਦਾ ਸੱਚਾ ਸ਼ਊਰ (ਗਿਆਨ) ਹੈ, ਉਹ ਅੰਮ੍ਰਿਤ ਨੂੰ ਸੱਚ ਮੁੱਚ ਅੰਮ੍ਰਿਤ ਕਰਕੇ ਛਕਣ। ਜਿਨ੍ਹਾਂ ਨੂੰ ਅੰਮ੍ਰਿਤ ਦੀ ਮਹੱਤਤਾ ਮਨਜ਼ੂਰ ਹੈ ਓਹ ਅੰਮ੍ਰਿਤ-ਧਾਰੀ ਹੋ ਕੇ ਅੰਮ੍ਰਿਤ ਛਕਣ ਸਮੇਂ, ਦੱਸੇ ਦ੍ਰਿੜ੍ਹਾਏ ਬਿਵਰਜਤ ਕੁਕਰਮਾਂ ਤੋਂ ਪਾਕ ਰਹਿਣ। ਖ਼ੁਦ ਪਾਕ ਰਹਿ ਕੇ ਅੰਮ੍ਰਿਤ ਦੀ ਪਾਕੀਜ਼ਗੀ ਦੀ ਦਾਦ ਦੇਣ। ਅੰਮ੍ਰਿਤ ਛਕਿਆ, ਪਰ ਸਾਂਭ ਕੇ ਰੱਖਿਆ ਨਹੀਂ ਤੇ ਅੰਮ੍ਰਿਤ ਛਕਣ ਸਮੇਂ ਗੁਰੂ ਰੂਪ ਪੰਜਾਂ ਪਿਆਰਿਆਂ ਦੀ ਦਿਤੀ ਦ੍ਰਿੜ੍ਹਾਈ ਸਿਖਿਆ ਉਤੇ ਅਮਲ ਨਹੀਂ ਕੀਤਾ, ਤਾਂ ਇਸ ਵਿਚ ਗੁਰ-ਸਿਖਿਆ ਯਾ ਗੁਰੂ ਸਰੂਪ ਪੰਜਾਂ ਪਿਆਰਿਆਂ ਦਾ ਕੋਈ ਕਸੂਰ ਨਹੀਂ; ਗੁਰ-ਸਿਖਿਆ ਉਪਰ ਨਾ ਚਲਣ-ਹਾਰਿਆਂ ਦਾ ਆਪਣਾ ਕਸੂਰ ਹੈ।

ਕਬੀਰ ਸਾਚਾ ਸਤਿਗੁਰ ਕਿਆ ਕਰੈ ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫੮॥

ਸਲੋਕ ਕਬੀਰ ਜੀ, ਪੰਨਾ ੧੩੭੨

ਜਿਨ੍ਹਾਂ ਕੁਕਰਮਾਂ ਤੋਂ ਗੁਰੂ ਸਾਹਿਬ ਪੰਜਾਂ ਪਿਆਰਿਆਂ ਦੇ ਸਰੂਪ ਵਿਚ ਹੋ ਕੇ ਹੋੜਦੇ ਹਨ, ਓਹਨਾਂ ਹੀ



www.AKJ.Org

ਕੁਕਰਮਾਂ ਨੂੰ ਕਰੀ ਜਾਣਾ ਅਤੇ ਨਿਰਭੈ ਹੋ ਕੇ ਕਰੀ ਜਾਣਾ ਅਤੇ ਫੇਰ ਆਸ ਰਖਣੀ ਕਿ ਇਕ ਵਾਰ ਅੰਮ੍ਰਿਤ ਛਕਿਆ ਅਸਾਡਾ ਪਾਰ-ਉਤਾਰਾ ਕਰ ਦੇਵੇਗਾ, ਸਖਤ ਗ਼ਲਤ-ਫ਼ਹਿਮੀ ਹੈ। ਅੰਮ੍ਰਿਤ ਛਕਣ ਪਸਚਾਤ ਗੁਰਬਾਣੀ ਅੰਦਰ ਦ੍ਰਿੜ੍ਹਾਈ ਗੁਰ-ਸਿਖਿਆ ਨੂੰ ਜੋ ਸਿਖ ਨਹੀਂ ਕਮਾਉਂਦੇ, ਉਹਨਾਂ ਉਤੇ ਕਿਵੇਂ ਅਮਰ-ਕਲਾ ਵਰਤ ਸਕਦੀ ਹੈ ਅਤੇ ਅਮਰ-ਕਲਾ ਕਿਵੇਂ ਕਾਇਮ ਰਹਿ ਸਕਦੀ ਹੈ ?

**ਵਿਸ਼ੇ ਵਿਕਾਰਾਂ ਤੋਂ ਬਚਾਉ ਕਿਵੇਂ ਹੋਵੇ ?**

ਗੁਰਬਾਣੀ ਤਾਂ ਬੜੇ ਜ਼ੋਰ ਨਾਲ ਇਸ ਪ੍ਰਕਾਰ ਦੇ ਉਪਦੇਸ਼ ਦ੍ਰਿੜ੍ਹਾਉਂਦੀ ਹੈ :–

ਹਾਂ ਹਾਂ ਲਪਟਿਓ ਰੇ ਮੂੜ੍ ਕਛੂ ਨ ਥੋਰੀ ॥ ਤੇਰੋ ਨਹੀ ਸੁ ਜਾਨੀ ਮੋਰੀ ॥੧॥ਰਹਾਉ॥
ਆਪਨ ਰਾਮੁ ਨ ਚੀਨੋ ਖਿਨੂਆ ॥ ਜੋ ਪਰਾਈ ਸੁ ਅਪਨੀ ਮਨੂਆ ॥੧॥
ਨਾਮੁ ਸੰਗੀ ਸੋ ਮਨਿ ਨ ਬਸਾਇਓ ॥ ਛੋਡਿ ਜਾਹਿ ਵਾਹੂ ਚਿਤੁ ਲਾਇਓ ॥੨॥
ਸੋ ਸੰਚਿਓ ਜਿਤੁ ਭੂਖ ਤਿਸਾਇਓ ॥ ਅੰਮ੍ਰਿਤ ਨਾਮੁ ਤੋਸਾ ਨਹੀ ਪਾਇਓ ॥੩॥
ਕਾਮ ਕ੍ਰੋਧ ਮੋਹ ਕੂਪਿ ਪਰਿਆ ॥ ਗੁਰਪ੍ਰਸਾਦਿ ਨਾਨਕ ਕੋ ਤਰਿਆ ॥੪॥੧॥੧੯॥

ਟੋਡੀ ਮ: ੫ ਘਰੁ ੩, ਪੰਨਾ ੭੧੫

ਜੋ ਇਸ ਗੁਰਬਾਣੀ ਨੂੰ ਮੰਨਣਹਾਰੇ ਸਿਖ ਇਸ ਗੁਰਵਾਕ ਵਿਖੇ ਵਿਵਰਜਤ ਕਰਮਾਂ ਤੋਂ ਬਾਜ਼ ਨਾ ਆਉਣ, ਤਾਂ ਅੰਮ੍ਰਿਤ ਕਲਾ ਕਿਵੇਂ ਵਰਤੇ ? ਅੰਮ੍ਰਿਤ ਨਾਮ ਤੋਸਾ ਤਾਂ ਉਹ ਸੰਚਦੇ ਭੁੰਚਦੇ ਨਹੀਂ, ਜਿਸ ਨੇ ਕਿ ਐਥੇ ਓਥੇ ਲੋਕ ਪਰਲੋਕ ਵਿਖੇ ਆਧਾਰ ਰੂਪ ਹੋਣਾ ਹੈ ਅਰ ਜੀਵਾਂ ਦਾ ਸੱਚਾ ਉਧਾਰ ਕਰਨਾ ਹੈ। ਉਨ੍ਹਾਂ ਵਸਤੂਆਂ ਦੇ ਸੰਗ੍ਰਹਿਨ ਕਰਨ ਉੱਤੇ ਸਾਰਾ ਜ਼ੋਰ ਲਾ ਰਖਿਆ ਹੈ, ਜਿਨ੍ਹਾਂ ਦੇ ਭੁੰਚਣ ਕਰਕੇ ਉਹਨਾਂ ਸਦਾ ਭੁਖੇ ਤਿਹਾਏ ਹੀ ਰਹਿਣਾ ਹੈ, ਤਾਂ ਦਸੋ ਕਿ ਅਮਰ-ਕਲਾ ਕਿਥੋਂ ਆਵੇ ? ਕਾਮ, ਕ੍ਰੋਧ, ਮੋਹ ਰੂਪੀ ਖੂਹ ਵਿਚ ਡਿਗੇ ਪਏ ਰਹਿਣ ਉਪਰ ਹੀ ਜੋ ਸੰਤੁਸ਼ਟ ਹੋਣ, ਓਹਨਾਂ ਨੂੰ ਪਤਿਤ ਦਸ਼ਾ ਤੋਂ ਉਭਾਰਨ ਦਾ ਸਾਹਸ ਹੀ ਨਹੀਂ, ਓਹਨਾਂ ਨੂੰ ਆਪਣੀ ਪਤਿਤ ਦਸ਼ਾ ਭਾਸਦੀ ਹੀ ਨਹੀਂ, ਅਤੇ ਇਸ ਦਸ਼ਾ ਨੂੰ ਪ੍ਰਤੀਤ ਕਰਾਉਣ-ਹਾਰੇ ਗੁਰਵਾਕ ਹੀ ਨਹੀਂ ਪੋਂਹਦੇ। ਓਹਨਾਂ ਨੂੰ ਆਪਣੀ ਪਾਪਿਸ਼ਟ ਪਤਿਤ ਦਸ਼ਾ ਪ੍ਰਤੀਤ ਹੀ ਨਹੀਂ ਹੁੰਦੀ। ਗੁਰ-ਸਿਖਿਆ ਦੀ ਭੈ-ਭਾਵਨੀ ਤੋਂ ਵੰਚਤ ਹੋਏ ਅਹਿਨਿਸ ਕੂੜ ਕੁਸਤਿ ਭਰੇ ਹੋਏ ਨੱਕੋ ਨੱਕ ਪਾਪਾਂ ਨਾਲ ਹੀ ਪੂਰਤ ਰਹਿੰਦੇ ਹਨ। ਜਿਵੇਂ ਓਹ ਦਿਨੇ ਰਾਤ ਪਾਪਾਂ ਵਿਚ ਹੀ ਗਲਤਾਨ ਰਹਿੰਦੇ ਹਨ, ਓਵੇਂ ਓਹ ਦਿਨ ਰਾਤ ਅੰਮ੍ਰਿਤ ਨਾਮ-ਤੋਸਾ ਭੁੰਚਣ ਵਿਚ ਗਲਤਾਨ ਰਹਿਣ, ਤਾਂ ਓਹਨਾਂ ਦੀ ਪਾਪਾਂ ਭਰੀ ਮਤ ਦੀ ਮੈਲ ਦੂਰ ਹੋਵੇ ਅਤੇ ਮੈਲ ਉਤਰ ਕੇ ਹੀ ਫੇਰ ਆਤਮ-ਰੰਗ ਚਲੂਲੇ ਚੜ੍ਹਦੇ ਹਨ। ਯਥਾ ਗੁਰਵਾਕ–

ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ ॥
ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ......॥੧॥
ਅੰਮ੍ਰਿਤੁ ਨਾਮੁ ਪੀਆ ਦਿਨੁ ਰਾਤੀ ਦੁਬਿਧਾ ਮਾਰਿ ਨਿਵਾਰੇ ॥੨॥੩॥

ਗਉੜੀ ਮਹਲਾ ੩, ਪੰਨਾ ੨੪੫

ਇਸ ਗੁਰਵਾਕ ਦੀ ਪਹਿਲੀ ਤੁਕ ਦੇ ਭਾਵ ਅਨੁਸਾਰ ਜਿਹੜੇ ਪੁਰਸ਼ ਗਲ ਤਾਈਂ ਪਾਪਾਂ ਨਾਲ ਹੀ ਅਟੇ ਅਹਿਨਿਸ ਪਾਪ-ਕਮਾਈਆਂ ਹੀ ਕਰੀ ਜਾਣ, ਓਹਨਾਂ ਪਤਿਤਾਂ ਨੂੰ ਇਸ ਪਤਿਤ ਦਸ਼ਾ ਵਿਚੋਂ ਉਭਾਰਨ ਲਈ ਹੋਰ ਕੋਈ ਭੀ ਉਪਾਉ ਵਸੀਲਾ ਨਹੀਂ ਕਿ ਉਹ ਅੰਮ੍ਰਿਤ ਛਕ ਕੇ ਨਾਮ ਅਭਿਆਸ ਕਮਾਈਆਂ ਕਰਨ, ਨਹੀਂ ਤਾਂ ਪਤਿਤ ਦੇ ਪਤਿਤ ਹੀ ਰਹਿਣਗੇ। ਪਰ ਨਾਮ-ਪਦਾਰਥੋਂ ਘੁਥੇ ਸਿੱਖਾਂ ਦੀ ਭੀ ਸੰਸਾਰੀ ਜੀਵਾਂ, ਮਾਇਆ ਬਉਰਾਨੇ ਸਾਕਤ ਪੁਰਸ਼ਾਂ ਵਾਲੀ ਦਸ਼ਾ ਹੋਇ ਰਹਿੰਦੀ ਹੈ। ਓਇ ਅਭਾਗੇ ਮਾਇਆ-ਮਗਨਤਾ ਵਿਖੇ ਹੀ ਦਿਨ ਰਾਤ ਸੋਇ ਰਹਿੰਦੇ ਹਨ ਅਤੇ ਨਿਸਬਾਸਰ ਮਿਥਿਆ ਦਾ ਗ੍ਰਹਿਣ ਹੀ ਕਰਦੇ ਹਨ ਅਤੇ ਇਸ ਮਿਥਨ-ਮਨੋਰਥੀ ਸੁਪਨ ਸਾਰਖੇ ਅਸਤਿ ਪਦਾਰਥਾਂ ਦੇ ਸੁਆਦ ਰਸਾਂ ਨੂੰ ਓਹ ਮਨਮੁਖੀ ਜੀਵ ਸੱਚੇ ਕਰਕੇ ਸਮਝੀ ਬੈਠੇ ਹਨ। ਵਾਸਤਵ ਵਿਚ



www.AKJ.Org

ਸਤਿ ਪਦਾਰਥ ਅੰਮ੍ਰਿਤ ਨਾਮੁ ਹੈ, ਜਿਸ ਨੇ ਸਦਾ ਸੰਗ ਰਹਿਣਾ ਹੈ ਅਤੇ ਸੰਗ ਜਾਣਾ ਹੈ । ਉਸ ਦਾ ਉਹਨਾਂ ਨੂੰ ਤਿਲ ਮਾਤਰ ਭੀ ਮਰਮ ਨਹੀਂ । ਕੈਸੀ ਭਿਆਨਕ ਦਸ਼ਾ ਹੈ ! ਸੋਈ ਇਸ ਅਗਲੇ ਗੁਰਵਾਕ ਅੰਦਰ ਦਰਸਾਈ ਗਈ ਹੈ । ਯਥਾ ਗੁਰਵਾਕ :–

ਬਾਵਰ ਸੋਇ ਰਹੇ ॥੧॥ਰਹਾਉ॥
ਮੋਹ ਕੁਟੰਬ ਬਿਖੈ ਰਸ ਮਾਤੇ ਮਿਥਿਆ ਗਹਨ ਗਹੇ ॥੧॥
ਮਿਥਨ ਮਨੋਰਥ ਸੁਪਨ ਅਨੰਦ ਉਲਾਸ ਮਨਿ ਮੁਖਿ ਸਤਿ ਕਹੇ ॥੨॥
ਅੰਮ੍ਰਿਤੁ ਨਾਮੁ ਪਦਾਰਥੁ ਸੰਗੇ ਤਿਲੁ ਮਰਮੁ ਨ ਲਹੇ ॥੩॥
ਕਰਿ ਕਿਰਪਾ ਰਾਖੇ ਸਤਿਸੰਗੇ ਨਾਨਕ ਸਰਣਿ ਆਹੇ ॥੪॥੨॥੧੪੨॥ ਆਸਾ ਮ: ੫, ਪੰਨਾ ੪੦੬

ਇਸ ਗੁਰਵਾਕ ਦੀ ਅਖੀਰਲੀ ਤੁਕ ਦਸਦੀ ਹੈ ਕਿ ਗੁਰੂ ਦੀ ਕਿਰਪਾਲਤਾ ਦੁਆਰਾ ਜੇਕਰ ਸੰਤਾਂ ਦਾ ਸਤਿਸੰਗ ਬਣ ਆਵੇ ਤਾਂ ਅਹੋ ਭਾਗ ਹੋਣ । ਤਾਂ ਤੇ ਗੁਰਸਿੱਖਾਂ ਨੂੰ ਸਦਾ ਦੇ ਸਤਿਸੰਗ ਦੀ ਮੰਗ ਮੰਗਣੀ ਚਾਹੀਦੀ ਹੈ । ਨਾਮ ਅਭਿਆਸੀਆਂ ਦਾ ਸਤਿਸੰਗ, ਗੁਰਬਾਣੀ ਕੀਰਤਨੀਆਂ ਦਾ ਸਤਿਸੰਗ, ਗੁਰਬਾਣੀ ਦੇ ਪਾਠ ਦਾ ਅਖੰਡ ਸਤਿਸੰਗ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਦਾ ਚਰਨ-ਸਰਨ-ਸਰਣਾਗਤੀ-ਸਤਿਸੰਗ ਹਰ ਵਕਤ ਬਣਿਆ ਹੀ ਰਹੇ, ਤਾਂ ਅੰਮ੍ਰਿਤ ਨਾਮ ਦੀ ਸਦਾ ਚੜ੍ਹਦੀ ਕਲਾ ਬਣੀ ਰਹਿੰਦੀ ਹੈ, ਨਹੀਂ ਤਾਂ ਮਿਥਨ ਮੁਹਾਰਾ ਵਿਸ਼ੇ ਵਿਕਾਰਾ ਪਰਪੰਚ-ਜਾਲ ਫੁਨਿ-ਫੁਨਿ ਆਣਿ ਮੁਹਾਉਂਦਾ ਹੈ । ਏਸੇ ਕਰਕੇ ਹੀ ਬਾਰੰਬਾਰ ਇਸ ਪ੍ਰਕਾਰ ਦੇ ਗੁਰਵਾਕ ਉਚਾਰਨ ਹੋਏ ਹਨ :–

੧. ਅੰਮ੍ਰਿਤ ਨਾਮੁ ਪਰਮੇਸੁਰ ਤੇਰਾ ਜੋ ਸਿਮਰੈ ਸੋ ਜੀਵੈ ॥੨॥੨੭॥ (੬੦੬)
੨. ਅੰਮ੍ਰਿਤ ਨਾਮੁ ਪੀਵਹੁ ਮੇਰੇ ਭਾਈ ॥ ਸਿਮਰਿ ਸਿਮਰਿ ਸਭ ਤਪਤਿ ਬੁਝਾਈ ॥੧॥ਰਹਾਉ॥ (੧੯੧)
੩. ਅੰਮ੍ਰਿਤ ਨਾਮੁ ਅਰਾਧੀਐ ਨਿਰਮਲੁ ਮਨੈ ਹੋਵੈ ਪਰਗਾਸੋ...॥੩॥ (੮੦੨)
੪. ਅੰਮ੍ਰਿਤ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੀ ॥੧॥ਰਹਾਉ॥੩੭॥
ਆਸਾ ਮ: ੧, ਪੰਨਾ ੩੬੦
੫. ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ ॥ ਅਚਰਜ ਸਾਦ ਤਾ ਕੇ ਬਰਨੇ ਨ ਜਾਹੀ ॥੨॥੨੭॥(੭੪੨)
੬. ਅੰਮ੍ਰਿਤ ਨਾਮੁ ਰਸਨਾ ਨਿਤ ਗਾਵੈ ॥ ਜਿਸ ਨੋ ਕ੍ਰਿਪਾ ਕਰੇ ਸੋ ਹਰਿ ਰਸੁ ਪਾਵੈ ॥੧॥੭॥ (੨੩੨)
੭. ਭਉ ਭਾਗਾ ਨਿਰਭਉ ਮਨਿ ਬਸੈ ॥ ਅੰਮ੍ਰਿਤ ਨਾਮੁ ਰਸਨਾ ਨਿਤ ਜਪੈ ॥੩॥
ਕੋਟਿ ਜਨਮ ਕੇ ਕਾਟੇ ਫਾਹੇ ॥ ਪਾਇਆ ਲਾਭੁ ਸਚਾ ਧਨੁ ਲਾਹੇ ॥
ਤੋਟਿ ਨ ਆਵੈ ਅਖੁਟ ਭੰਡਾਰ ॥ ਨਾਨਕ ਭਗਤ ਸੋਹਹਿ ਹਰਿ ਦੁਆਰਿ ॥੪॥੨੩॥੩੪॥
ਰਾਮਕਲੀ ਮ: ੫, ਪੰਨਾ ੮੯੩
੮. ਅੰਮ੍ਰਿਤ ਨਾਮੁ ਰਸਨੁ ਨਿਤ ਜਾਪੈ ॥ ਰੋਗ ਰੂਪ ਮਾਇਆ ਨ ਬਿਆਪੈ ॥੪॥
ਜਪਿ ਗੋਬਿੰਦ ਸੰਗੀ ਸਭਿ ਤਾਰੇ ॥ ਪੋਹਤ ਨਾਹੀ ਪੰਚ ਬਟਵਾਰੇ ॥੫॥੨॥ ਸੂਹੀ ਮ: ੫, ਪੰਨਾ ੭੬੦
੯. ਦੂਖੁ ਰੋਗੁ ਕਛੁ ਭਉ ਨ ਬਿਆਪੈ ॥ ਅੰਮ੍ਰਿਤ ਨਾਮੁ ਰਿਦੈ ਹਰਿ ਜਾਪੈ ॥੧॥੯੪॥ (੧੮੪)
੧੦. ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥੪॥੧॥ ਪੰਨਾ ੨੬੩
੧੧. ਗੁਰਿ ਪੂਰੈ ਮੇਰੀ ਰਾਖਿ ਲਈ ॥
ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ ॥੧॥ਰਹਾਉ॥ (੮੨੩) *

ਸੱਚਾ ਚਾਨਣ-ਮੁਨਾਰਾ–

ਗੁਰਮਤਿ ਮਾਰਗ ਤੇ ਚਲਣਹਾਰੇ ਪ੍ਰਮਾਰਥ-ਪਾਂਧੀਆਂ ਨੂੰ ਇਸ ਖੰਡੇ-ਧਾਰ ਮਾਰਗ ਦਾ ਪੈਂਡਾ ਕੱਟਣ

* ੩੨ ਅੰਕਾਂ ਤਕ ਗੁਰਵਾਕਾਂ ਵਿਚੋਂ ਥਾਂ ਦੀ ਮਜਬੂਰੀ ਕਰਕੇ ਇਥੇ ਕੇਵਲ ਪਹਿਲੇ ੧੧ ਹੀ ਦਿਤੇ ਹਨ ।



www.AKJ.Org

ਲਈ ਇਹ ਅੰਮ੍ਰਿਤ-ਨਾਮ ਹੀ ਚਾਨਣ-ਮੁਨਾਰਾ ਹੈ, ਇਸ ਅੰਮ੍ਰਿਤ-ਜੋਤਿ-ਚਾਨਣ ਦੀ ਖਿਨ ਖਿਨ ਸਹਾਇਤਾ ਬਿਹੂਣ ਅਤੀ ਚਤਰ ਪ੍ਰਮਾਰਥੀ ਭੀ ਅੰਧ ਅਗਿਆਨੀ ਹੈ। ਚਿੱਤਰ ਬਚਿਤਰ ਮੋਹਨੀ ਮਾਇਆ ਦੀਆਂ ਫੋਟਾਂ ਤੋਂ ਬਚਾਉਣ ਲਈ ਅੰਧਲੇ ਪੰਧਾਊ ਨੂੰ ਨਾਮ ਦੀ ਟੋਹਣੀ ਹਰ ਵਕਤ ਦਰਕਾਰ ਹੈ।

ਨਾਮ ਮਹਾਂ ਰਸ ਦੀ ਅੰਮੀ-ਵਿਗਾਸਨੀ ਖਿਨ ਖਿਨੀ ਟੋਹ ਤੋਂ ਘੁਥੇ ਨੂੰ ਇਹ ਮਹਾਂ ਮੋਹਨੀ ਬਹੁ ਪ੍ਰਕਾਰ ਸੁੰਦਰ ਸੋਹਨੀ ਚੰਚਲ ਚਲਿਤਰਨੀ ਮਾਇਆ ਅਨਿਕ ਭਾਵ ਦਿਖਾਇ ਦਿਖਾਇ ਅਤੇ ਭਾਂਤ ਭਾਂਤ ਦੇ ਵੇਸ ਵਟਾਇ ਵਟਾਇ ਮੋਹੰਦੀ ਹੈ ਅਤੇ ਐਸੀ ਢੀਠ ਮੀਠੀ ਹੋਇ ਕੈ ਮਨ ਨੂੰ ਚਿਮੜਦੀ ਹੈ ਕਿ ਇਕ ਵਾਰ ਨਾਮ-ਲਿਵ-ਡੋਰੀ ਤੋਂ ਉਖੜੇ ਪੰਧਾਊ ਦੀ ਚਉਕੜੀ ਭੁਲਾ ਦਿੰਦੀ ਹੈ ਅਤੇ ਜਿਨ੍ਹਾਂ ਨੂੰ ਗੁਰਮਤਿ ਨਾਮ ਉੱਕਾ ਹੀ ਪ੍ਰਾਪਤ ਨਹੀਂ, ਓਹਨਾਂ ਦਾ ਤਾਂ ਠਿਕਾਣਾ ਹੀ ਕੋਈ ਨਹੀਂ। ਗ੍ਰਿਹਿ ਵਿਖੇ ਰਹਿਣ ਵਾਲੇ ਗ੍ਰਿਹਸਤੀਆਂ ਨੂੰ, ਬਨਾਂ ਵਿਖੇ ਵਿਚਰਨ ਵਾਲੇ ਬਨਵਾਸੀਆਂ ਬ੍ਰਹਮਚਾਰੀਆਂ ਨੂੰ, ਤੀਰਥਾਂ ਤੇ ਗਮਨ ਕਰਨਹਾਰੇ ਯਾਤਰੂਆਂ ਨੂੰ, ਤੀਰਥ ਬਰਤ ਪੂਜਾ ਕਰਦਿਆਂ ਭੀ ਬਾਟ ਘਾਟ ਆਇ ਜੋਂਹਦੀ ਹੈ। ਇਸ ਕਰਕੇ ਅਵਘਟ ਘਾਟੀ ਦੇ ਪ੍ਰੇਮ-ਸੁਮਾਰਗੀ ਲਈ ਇਹ ਉਚਿਤ ਹੈ ਕਿ ਖਿਨ ਖਿਨ ਨਾਮ-ਰੰਗਾਂ ਵਿਚ ਲੀਨ ਰਹੇ। ਜਦੋਂ ਭੀ ਉਹਦੀ ਬਿਰਤੀ ਉਚਾਟ ਹੁੰਦੀ ਦਿਸੇ, ਜਿਸ ਖਿਨ ਭੀ ਉਸ ਦੀ ਆਤਮ-ਸਰਤੀ ਦਾ ਖਿੜਾਉ ਠੰਢਾ ਪੈਂਦਾ ਦਿਸੇ, ਓਸੇ ਖਿਨ ਹੀ ਨਾਮ ਨੂੰ ਚੜ੍ਹਦੀ ਕਲਾ ਵਿਚ ਰਖਣ ਦੀਆਂ ਬੇਨਤੀਆਂ ਵਿਚ ਜੁਟ ਜਾਵੇ। ਅਰਦਾਸ ਬੇਨਤੀ ਦੁਆਰਾ ਤੱਤ ਛਿਨ ਓਹੀ ਵਿਗਾਸ ਆਇ ਬਣਦਾ ਹੈ, ਅਤੇ ਆਤਮ-ਰੌਂ ਚਲ ਪੈਂਦੀ ਹੈ। ਨਾਮ ਖ਼ੁਦ ਹੀ ਬੇਨਤੀ ਸਰੂਪ ਹੈ, ਨਾਮ ਨੂੰ ਉਚਾਰਨਾ ਹੀ ਸਨਮੁਖ-ਦਰਸ-ਹਜ਼ੂਰੀ ਦੀ ਹਜ਼ੂਰੀ ਵਿਚ ਮਉਜ ਮਾਨਣਾ ਹੈ। ਨਾਮ ਨੂੰ ਹੋਰੋ ਹੋਰ ਆਤਮ ਵਿਗਾਸ ਦੀ ਯਾਚਨਾ ਵਿਚ ਸਾਵਧਾਨ ਹੋਣਾ ਹੈ।

ਇਸ ਸੁਹਾਵਣੇ ਸੰਸਾਰ ਬਿਰਖ ਉਤੇ ਵਸਣ ਵਾਲੇ ਪੰਖਣੂ ਬਿਖੈ ਬਾਸ਼ਨਾ ਦੇ ਬਸ ਹੋਏ ਚਹੁੰਦਿਸਿ ਚਹਿ-ਚਹਾਉਂਦੇ ਫਿਰਦੇ ਹਨ, ਪਰ ਓਹਨਾਂ ਨੂੰ ਬਿਖ-ਫਲ ਹੀ ਪ੍ਰਾਪਤ ਹੁੰਦਾ ਹੈ ਜਿਸ ਦੇ ਬਿਖੇ ਰਸਾਂ ਨੂੰ ਚੱਖ ਚੱਖ ਕੇ ਉਨ੍ਹਾਂ ਦੇ ਪੱਲੇ ਦੱਝਣਾ ਤੇ ਬਿਲਬਿਲਾਉਣਾ ਹੀ ਰਹਿੰਦਾ ਹੈ। ਸਤਿਗੁਰ ਬਾਝੋਂ ਸੱਚੇ ਮਹਲ ਦੀ ਪ੍ਰਾਪਤੀ ਕਦੇ ਨਹੀਂ ਹੁੰਦੀ ਅਤੇ ਨਾ ਹੀ ਨਿਗੁਰੇ ਗੁਰਮੰਤ੍ਰ-ਹੀਣਸ ਪ੍ਰਾਣੀਆਂ ਨੂੰ ਅੰਮ੍ਰਿਤ ਫਲ ਦੀ ਪ੍ਰਾਪਤੀ ਹੁੰਦੀ ਹੈ। ਇਸ ਸੰਸਾਰ ਬ੍ਰਿਖ ਦੀਆਂ ਸ਼ਾਖਾਂ ਟਹਿਣੀਆਂ, ਜਿਨ੍ਹਾਂ ਉਪਰ ਉਹ ਟਪੂਸੀਆਂ ਮਾਰਦੇ ਫਿਰਦੇ ਹਨ, ਨਿਰੀਆਂ ਤ੍ਰੈਗੁਣੀ ਮਾਇਆ ਦੀਆਂ ਵਧੀਆਂ ਹੋਈਆਂ ਲਗਰਾਂ (ਵਿਸ ਗੰਦਲਾਂ) ਹਨ। ਇਹਨਾਂ ਤ੍ਰੈਗੁਣੀ ਸ਼ਾਖਾਂ ਦੀ ਵਿਸ ਕੇਵਲ ਇਕੋ ਗੁਰਮਤਿ ਨਾਮ ਗੁਰਮੰਤ੍ਰ ਦੀ ਅਤੁੱਟ ਅਭਿਆਸ ਕਮਾਈ ਦੁਆਰਾ ਹੀ ਨਿਵਾਰੀ ਜਾ ਸਕਦੀ ਹੈ। ਬੱਸ ਅੰਮ੍ਰਿਤ ਫਲ ਇਕੋ ਨਾਮ ਹੀ ਹੈ। ਇਸ ਨੂੰ ਸੋਈ ਖਾਂਦਾ ਹੈ, ਜਿਸ ਨੂੰ ਵਾਹਿਗੁਰੂ ਆਪਿ ਕਿਰਪਾ ਕਰ ਕੇ ਖੁਆਉਂਦਾ ਹੈ। ਨਾਮ ਤੋਂ ਬੇਮੁਖ ਮਨਮੁਖੀਏ ਪੁਰਸ਼ ਬਿਖੇ ਰਸਾਂ ਵਿਚ ਖੁਆਰ ਹੋਇ ਹੋਇ ਕੇ ਹੀ ਸੁੱਕ ਜਾਂਦੇ ਹਨ। ਤਿਨ੍ਹਾਂ ਸੋਕੜ ਸਾਕੜ ਉਭ-ਮੁਖੀਏ ਪੁਰਸ਼ਾਂ ਦੇ ਪਾਸ ਭੀ ਨਹੀਂ ਬੈਠਣਾ ਚਾਹੀਦਾ; ਉਹ ਨਿਗੁਰੇ, ਨਿਗੁਸਾਏਂ ਜੁ ਹੋਏ। ਓਹ ਨਿਤ ਨਿਤ ਕਟਿ-ਕਟਿ ਜਲਿ-ਜਲਿ ਮਰਦੇ ਹਨ। ਇਹਨਾਂ ਦੇ ਭਾਗਾਂ ਵਿਚ ਨਾ ਗੁਰੂ ਦਾ ਦੀਖਤ ਸ਼ਬਦ ਗੁਰਮੰਤ੍ਰ ਹੈ, ਨਾ ਹੀ ਨਾਮ ਅਭਿਆਸ ਹੈ। ਇਸ ਗੁਰ-ਸ਼ਬਦ ਬਿਨਾਂ ਸਾਰਾ ਜਗ ਬਉਰਾਨਿਆ ਫਿਰਦਾ ਹੈ ਅਤੇ ਬਿਰਥਾ ਜਨਮ ਗਵਾ ਰਹਿਆ ਹੈ। ਬੜੇ ਬੜੇ ਪਦਾਰਥਾਂ ਵਾਲੇ ਰਾਜੇ ਭੂਮੀਏ ਭੀ ਏਸ ਰਸ-ਘੁੰਮਣ-ਘੇਰੀ ਵਿਚ ਠਹਿਚਲ ਫਿਰਦੇ ਹਨ। ਆਹਾ! ਇਸ ਪ੍ਰਥਾਇ ਕੈਸਾ ਗੁਰਵਾਕ ਇੰਨ ਬਿੰਨ ਘਟਦਾ ਯਾਦ ਆਇਆ ਹੈ। ਯਥਾ ਗੁਰਵਾਕ :—

ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ॥
ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ॥੧॥
ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ॥ਰਹਾਉ॥



www.AKJ.Org

ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ ਤਾ ਕੀ ਮਿਟੈ ਨ ਭੂਖਾ ॥
ਉਦਮੁ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾ ਘੋਖਾ ॥੨॥
ਕਾਮਵੰਤ ਕਾਮੀ ਬਹੁ ਨਾਰੀ ਪਰਗ੍ਰਿਹ ਜੋਹ ਨ ਚੂਕੈ ॥
ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ ॥੩॥
ਹਰਿ ਹਰਿ ਨਾਮੁ ਅਪਾਰ ਅਮੋਲਾ ਅੰਮ੍ਰਿਤੁ ਏਕੁ ਨਿਧਾਨਾ ॥
ਸੂਖੁ ਸਹਜੁ ਆਨੰਦੁ ਸੰਤਨ ਕੈ ਨਾਨਕ ਗੁਰ ਤੇ ਜਾਨਾ ॥੪॥੬॥ ਧਨਾਸਰੀ ਮ: ੫, ਪੰਨਾ ੬੭੨

**ਸੱਚਾ ਅਨੰਦ ਤੇ ਤਨ ਮਨ ਦਾ ਮਉਲਣਾ—**

ਲਵੈ ਨ ਲਾਗਨ ਕਉ ਹੈ ਕਛੂਐ ਜਾ ਕਉ ਫਿਰਿ ਇਹੁ ਧਾਵੈ ॥
ਜਾ ਕਉ ਗੁਰਿ ਦੀਨੋ ਇਹੁ ਅੰਮ੍ਰਿਤੁ ਤਿਸ ਹੀ ਕਉ ਬਨਿ ਆਵੈ ॥੧॥
ਜਾ ਕਉ ਆਇਓ ਏਕੁ ਰਸਾ ॥ ਖਾਨ ਪਾਨ ਆਨ ਨਹੀ ਖੁਧਿਆ ਤਾ ਕੈ ਚਿਤਿ ਨ ਬਸਾ॥ਰਹਾਉ॥
ਮਉਲਿਓ ਮਨੁ ਤਨੁ ਹੋਇਓ ਹਰਿਆ ਏਕ ਬੂੰਦ ਜਿਨਿ ਪਾਈ ॥
ਬਰਨਿ ਨ ਸਾਕਉ ਉਸਤਤਿ ਤਾ ਕੀ ਕੀਮਤਿ ਕਹਣੁ ਨ ਜਾਈ ॥੨॥੭॥

ਧਨਾਸਰੀ ਮ: ੫, ਪੰਨਾ ੬੭੨

ਇਸ ਗੁਰਵਾਕ ਤੋਂ ਨਿਰਣੇ ਕਰ ਕੇ ਇਹ ਗੁਰਮਤਿ ਅਸੂਲ ਦ੍ਰਿੜ੍ਹ ਹੁੰਦਾ ਹੈ ਕਿ ਜਿਵੇਂ :—

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥ (੯੧੭)

ਵਾਲੀ ਗੁਰ-ਪੰਗਤੀ ਅੰਦਰ ਸੱਚੇ ਅਨੰਦ, ਤੱਤ ਪ੍ਰਮਾਰਥੀ ਅਨੰਦ ਦੀ ਸਚਾਈ ਦਰਸਾਈ ਹੈ ਕਿ ਐਵੇਂ ਅਨੰਦ ਅਨੰਦ ਤਾਂ ਸਾਰੀ ਲੁਕਾਈ ਹੀ ਕਹਿੰਦੀ ਫਿਰਦੀ ਹੈ, ਤੱਤ ਸਾਰ ਆਨੰਦ ਦੀ ਸਾਰ ਗੁਰੂ-ਦੁਆਰੇ ਹੀ ਜਾਣੀ ਜਾਂਦੀ ਹੈ ਤੇ ਤਿਵੇਂ ਹੀ ਅੰਮ੍ਰਿਤ ਅੰਮ੍ਰਿਤ ਭੀ ਜਣਾ ਖਣਾ ਕਥਦਾ ਫਿਰਦਾ ਹੈ । ਆਪੇ ਹੀ ਇਸ ਅੰਮ੍ਰਿਤ ਦੀ ਸਾਰ ਕਉਣ ਜਾਣ ਸਕਦਾ ਹੈ । ਬਸ :—

ਜਾ ਕਉ ਗੁਰਿ ਦੀਨੋ ਇਹੁ ਅੰਮ੍ਰਿਤੁ ਤਿਸ ਹੀ ਕਉ ਬਨਿ ਆਵੈ ॥ (੬੭੨)

ਜਿਸ ਨੂੰ ਇਸ ਇਕੋ ਅੰਮ੍ਰਿਤ ਰਸ ਦਾ ਸੱਚਾ ਸੁਆਦ ਆ ਗਿਆ ਹੈ, ਉਸ ਦੇ ਚਿਤ ਵਿਚ ਹੋਰ ਰਸਾਂ ਕਸਾਂ ਦੇ ਖਾਨ ਪਾਨ ਦੀ ਖੁਧਿਆ ਤ੍ਰਿਸ਼ਨਾ ਪ੍ਰਬਲ ਪੈ ਹੀ ਨਹੀਂ ਸਕਦੀ । ਗੁਰ ਦੁਆਰੇ ਹੋਇ ਕੈ ਅੰਮ੍ਰਿਤ ਰਸ ਰਸੰਨੜੇ, ਅੰਮ੍ਰਿਤ ਬੂੰਦ ਬੁਰਕੜੇ ਤੱਤ ਨਾਮ ਕਮਾਈ ਵਾਲੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਜਿਨ੍ਹਾਂ ਦੇ ਅੰਦਰ ਇਸ ਅੰਮ੍ਰਿਤ ਦੀ ਇਕ ਕਣੀ ਭੀ ਪਰਵੇਸ਼ ਹੋ ਗਈ ਹੈ, ਉਸ ਦਾ ਮਨ ਤਨ ਮਉਲ ਉਠਿਆ ਹੈ ਅਤੇ ਸੁਕਿਓਂ ਹਰਾ ਹੋ ਗਿਆ ਹੈ । ਇਸ ਅੰਮ੍ਰਿਤ ਮਉਲਣ ਦੀ ਦਸ਼ਾ ਦੀ ਮਹਿਮਾ ਵਰਨਣ ਹੀ ਨਹੀਂ ਹੋ ਸਕਦੀ ਅਤੇ ਕੀਮਤ ਕਹੀ ਨਹੀਂ ਜਾ ਸਕਦੀ । ਐਸੇ ਅੰਮ੍ਰਿਤਧਾਰੀਆਂ ਦਾ ਛਕਿਆ ਹੋਇਆ ਅੰਮ੍ਰਿਤ ਕਦੇ ਅਨ-ਅੰਮ੍ਰਿਤ ਹੋ ਹੀ ਨਹੀਂ ਸਕਦਾ, ਕਿਉਂਕਿ ਉਹ ਸਦਾ ਹੀ ਇਸ ਅੰਮ੍ਰਿਤ-ਬੂੰਦ ਦੇ ਚਾਤ੍ਰਿਕ-ਵਾਪਾਰੀ ਰਹਿੰਦੇ ਹਨ । ਅੰਦਰ ਪਰਵੇਸ਼ ਹੋਈ ਅੰਮ੍ਰਿਤ-ਬੂੰਦ ਨੂੰ ਇਕ ਵਾਰ ਅੰਦਰ ਵਸਾ ਕੇ ਫਿਰ ਉਹ ਇਸ ਨੂੰ ਵਿਸਾਰ ਨਹੀਂ ਦਿੰਦੇ । ਅਤੁਟ ਅਭਿਆਸ ਦੁਆਰਾ ਇਸ ਨੂੰ ਕਮਾਉਂਦੇ ਰਹਿੰਦੇ ਹਨ ਅਤੇ ਨਾਮ-ਅੰਮ੍ਰਿਤ-ਰਸ ਦਿਨੋ ਦਿਨ ਵਧਦਾ ਰਹਿੰਦਾ ਹੈ । ਵਧੋ ਵਧ ਅੰਮ੍ਰਿਤ ਵਿਗਾਸ ਵਿਚ ਅੰਮ੍ਰਿਤ-ਰਸੰਨੀ ਬਿਰਤੀ ਕਦੇ ਭੀ ਤੋਟ ਵਿਚ ਨਹੀਂ ਆਉਂਦੀ । ਤੋਟੇ ਵਾਲੀਆਂ ਬਿਰਤੀਆਂ, ਅੰਮ੍ਰਿਤ ਰਸ ਤੋਂ ਤੁੱਟੀਆਂ ਨਿਖੁੱਟੀਆਂ ਹੋਈਆਂ ਸੁਰਤੀਆਂ ਭਾਂਤ ਭਾਂਤ ਦੀਆਂ ਬਿਖੇ ਚੋਗ-ਫਾਸਾਂ ਵਿਚ ਜਾ ਫਸਦੀਆਂ ਹਨ । ਬਿਖੇ-ਰਸ-ਫਾਸਾ ਵਿਚ ਫਾਥੇ ਹੋਏ ਜੰਤ ਬਿਖੇ ਠਗਉਰੀ ਖਾਇ ਖਾਇ ਅਤੇ ਹਰਿ-ਚੰਦਉਰੀ ਵਿਖੇ ਉਰਝਾਇ ਉਰਝਾਇ ਉਹ ਉਹ ਕਰਮ ਕਰਤੂਤਾਂ ਕਰ ਬੈਠਦੇ ਹਨ, ਜਿਨ੍ਹਾਂ ਦੇ ਕਰਨ ਕਰਿ ਸ਼ਰਮਿੰਦਗੀ ਉਠਾਉਣੀ ਪੈਂਦੀ ਹੈ । ਐਸੀਆਂ ਕਰਮ ਕਰਤੂਤੀ ਸ਼ਰਮਿੰਦਗੀ ਵਾਲੀਆਂ ਕੁਰੀਤਾਂ ਹੀ ਪਤਿਤ ਕੁਕਰਮੀ ਕੁਰਹਿਤਾਂ ਹਨ । ਇਹ ਓਦੋਂ


www.AKJ.Org

ਹੀ ਹੁੰਦੀਆਂ ਹਨ, ਜਦੋਂ ਅੰਮ੍ਰਿਤ, ਅੰਮ੍ਰਿਤ ਨਹੀਂ ਰਹਿੰਦਾ । ਪੁਰਸ਼ ਆਪਣੀ ਕਰਣੀ ਕਰਿ ਹੀ ਅੰਮ੍ਰਿਤ ਖੁਹਾਉਂਦੇ ਹਨ । ਆਪਣੀ ਕਰਣੀ ਕਰਿ ਹੀ ਪਤਿਤ ਕਰਮਾਂ ਦੀ ਸਜ਼ਾ ਭੁਗਤਦੇ ਹਨ । ਏਦੂੰ ਵਧ ਕੇ ਹੋਰ ਸਜ਼ਾ ਹੀ ਕੀ ਹੋਈ ? ਜੇ ਉਹ ਪਤਿਤ ਨ ਗਰਦਾਨਿਆ ਗਿਆ, ਸੁੱਕੀਆਂ ਪ੍ਰਾਸਚਿਤੀ ਸਜ਼ਾਵਾਂ ਸਹਿ ਕੇ ਏਹ ਸੁਰਜੀਤ ਨਹੀਂ ਹੋ ਸਕਦਾ । ਸਜ਼ਾਵਾਂ ਡੰਨ ਭੀ ਉਸ ਨੂੰ ਲਗਣਗੇ, ਪਰ ਓਹ ਪਤਿਤ-ਦਸ਼ਾ ਤੋਂ ਸੁਰਜੀਤ ਅਮਰੀਤ ਤਦੇ ਹੀ ਹੋਵੇਗਾ, ਜੇ ਉਸ ਨੂੰ ਬਹੁੜ ਅੰਮ੍ਰਿਤ ਛਕਾਇਆ ਜਾਵੇਗਾ। ਦੇਖੋ ਕਰਮ ਕਰਤੂਤੀ ਪਤਿਤ ਕਰਮਾਂ ਦੀ ਇਸ ਅਗਲੇ ਗੁਰਵਾਕ ਵਿਖੇ ਕੈਸੀ ਭਿਅੰਕਾਰ ਦਸ਼ਾ ਦਿਖਾਈ ਹੈ :—

ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ ॥
ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜੀ ਬਿਪਰੀਤਿ ॥੧॥
ਮਾਇਆ ਮੋਹ ਭੂਲੋ ਅਵਰੈ ਹੀਤ ॥
ਹਰਿਚੰਦਉਰੀ ਬਨਹਰ ਪਾਤ ਰੇ ਇਹੈ ਤੁਹਾਰੋ ਬੀਤ ॥੧॥ਰਹਾਉ॥
ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ ॥
ਅੰਮ੍ਰਿਤ ਸੰਗਿ ਨਾਹਿ ਰੁਚਿ ਆਵਤ ਬਿਖੈ ਠਗਉਰੀ ਪ੍ਰੀਤਿ ॥੨॥
ਉਤਮ ਸੰਤ ਭਲੇ ਸੰਜੋਗੀ ਇਸੁ ਜੁਗ ਮਹਿ ਪਵਿਤ ਪੁਨੀਤ ॥
ਜਾਤ ਅਕਾਰਥ ਜਨਮੁ ਪਦਾਰਥ ਕਾਚ ਬਾਦਰੈ ਜੀਤ ॥੩॥
ਜਨਮ ਜਨਮ ਕੇ ਕਿਲਵਿਖ ਦੁਖ ਭਾਗੇ ਗੁਰਿ ਗਿਆਨ ਅੰਜਨੁ ਨੇਤ੍ਰ ਦੀਤ ॥
ਸਾਧ ਸੰਗਿ ਇਨ ਦੁਖ ਤੇ ਨਿਕਸਿਓ ਨਾਨਕ ਏਕ ਪਰੀਤ ॥੪॥੯॥

ਧਨਾਸਰੀ ਮ: ੫, ਪੰਨਾ ੬੭੩

ਇਸ ਗੁਰਵਾਕ ਤੋਂ ਇਹ ਗੱਲ ਭੀ ਦ੍ਰਿੜ੍ਹ ਹੁੰਦੀ ਹੈ ਕਿ ਕਚਹੁ ਕੰਚਨ ਕਰਨ ਨੂੰ ਗੁਰੂ ਅਤੇ ਗੁਰੂ ਦੀ ਪੰਜੀਂ ਪਰਮੇਸਰ ਸਾਧ ਸੰਗ ਅਤੇ ਗੁਰ ਗਿਆਨ ਪਦਾਰਥ ਅੰਮ੍ਰਿਤ ਅਤੇ ਅੰਮ੍ਰਿਤ ਨਾਮ ਹੀ ਸਮਰੱਥ ਹੈ। ਐਸੀ ਪਾਰਸ-ਕਲਾ ਵਰਤੇ ਬਾਝੋਂ ਕਾਠ ਲੋਹਾ, ਕੰਚਨ ਕਿਵੇਂ ਹੋਵੇਗਾ ? ਬਿਖੈ ਠਗਉਰੀ ਫਾਥੇ ਗਰਧਭ (ਗਧੇ) ਨੂੰ ਅੰਮ੍ਰਿਤ ਸੰਗਿ ਰੁਚੀ ਹੀ ਨਹੀਂ ਆਵਣੀ, ਜਦੋਂ ਤਾਈਂ ਓਸ ਦੀ ਬਿਖੈ ਭਸਮ ਸੰਗਿ ਖਿਚੋਤਾਣੀ ਮੋਹ ਪ੍ਰੀਤ ਹੈ। ਸਤਿਗੁਰ ਦਾ ਬਹੁੜ ਅੰਮ੍ਰਿਤਧਾਰੀ ਸਿਖ ਬਣੇ ਬਿਨਾਂ ਅਤੇ ਨਵੇਂ ਸਿਰਿਓਂ ਅੰਮ੍ਰਿਤ ਦੀ ਜਾਗ ਲਗੇ ਬਿਨਾਂ ਓਹ ਇਸ ਮਿਰਤਕ ਦਸ਼ਾ ਤੋਂ ਕਿਉਂ ਕਰ ਸੁਰਜੀਤ ਹੋ ਸਕਦਾ ਹੈ ? ਪਤਿਤ ਕਰਮ ਕਰਨ ਕਰਕੇ ਜਿਸ ਜੀਓ ਉਤੇ ਮੁਰਦਿਹਾਣ ਵਰਤ ਚੁਕੀ ਹੋਵੇ, ਓਸਨੂੰ ਨਵ-ਜਨਮ ਕਰਨ ਦੀ ਅਵੱਸ਼ ਲੋੜ ਹੈ, ਇਹ ਕੇਵਲ ਅੰਮ੍ਰਿਤ ਛਕਾਉਣ ਦੁਆਰਾ ਹੀ ਪੂਰੀ ਹੋ ਸਕਦੀ ਹੈ। ["ਅੰਮ੍ਰਿਤ ਕਲਾ" ਟ੍ਰੈਕਟ ਵਿਚੋਂ

---


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਕਥਾ ਕੀਰਤਨ | ੧੬-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਲੇਖ ੧੨-੫੦ ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਸਚਖੰਡ ਦਰਸ਼ਨ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਅੰਮ੍ਰਿਤ ਕੀ ਹੈ ? ੩-੦੦ ਅੰਮ੍ਰਿਤ ਕਲਾ | ੧-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਸ਼ੰਕਿਆਂ ਦੇ ਉਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ ੨-੫੦ ਸੁਪਨਾ | ੧-੨੫ | ਆਸਤਕ ਤੇ ਨਾਸਤਕ ੦-੭੫ ਬਾਝਾ ਵੈਦ ਰੋਗੀਆਂ ਦਾ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧ ਹੈ | ੧-੦੦ | ਤਿਮਰ ਅਗਿਆਨ ਤੋਂ ਉਜਿਆਰਾ | ੧-੦੦ |


www.AKJ.Org

# ਗੁਰੂ ਗੋਬਿੰਦ ਸਿੰਘ : ਆਪੇ ਗੁਰ ਚੇਲਾ

[ਪ੍ਰੋਫੈਸਰ ਜੋਗਿੰਦਰ ਸਿੰਘ, ਮੈਂਬਰ ਦਿਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ]

( ੧ )

ਗੁਰੂ ਗੋਬਿੰਦ ਸਿੰਘ ਜੀ ਦੀ 'ਪ੍ਰਤਿੱਭਾ' ਬਹੁ-ਪੱਖੀ ਵੀ ਹੈ ਅਤੇ ਹਰ ਪੱਖੋਂ ਸੰਪੂਰਨਤਾ ਦੀ ਪ੍ਰਤੀਕ ਵੀ ਹੈ। ਗੁਰੂ ਗੋਬਿੰਦ ਸਿੰਘ ਜੀ ਨਾਲ ਹੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਸਰੂਪ, ਜੀਵਨ ਤੇ ਕਾਰਜ, ਚਿੰਤਨ ਤੇ ਉਦੇਸ਼, ਬੋਲ ਤੇ ਬਾਣੀ, ਸਿੱਖ ਲਹਿਰ ਤੇ ਸਿੱਖ ਸੰਗਤ, ਪ੍ਰਾਪਤੀ ਤੇ ਪ੍ਰਮਾਣੀਕਤਾ ਨੂੰ ਸੰਪੂਰਣ ਹੋਣ ਦਾ ਮਾਣ ਪ੍ਰਾਪਤ ਹੁੰਦਾ ਹੈ। ਜੇ ਗੁਰੂ-ਜੋਤਿ ਦਾ ਆਦਿ ਰੂਪ ਗੁਰੂ ਨਾਨਕ ਦੇਵ ਜੀ ਹਨ ਤੇ ਅੰਤਿਮ ਰੂਪ ਗੁਰੂ ਗੋਬਿੰਦ ਸਿੰਘ ਜੀ ਹਨ। ਗੁਰੂ ਗੋਬਿੰਦ ਸਿੰਘ ਜੀ ਆਦਿ ਗੁਰੂ ਦਾ ਹੀ ਸਹਿਜ-ਸੁਭਾ ਵਿਸਤਾਰ ਹਨ। ਦਿੱਸਣ ਜਾਂ ਦੇਖਣ ਨੂੰ 'ਕਾਇਆ' ਬੇਸ਼ੱਕ ਹਰ ਇਕ ਗੁਰੂ ਦੀ ਵੱਖਰੀ ਹੈ, ਪਰ ਅਧਿਆਤਮਿਕ ਭਾਵਨਾ, ਸਦਾਚਾਰਕ ਤੇ ਸਮਾਜਕ ਦ੍ਰਿਸ਼ਟੀ, ਸਭਿਆਚਾਰਕ ਤੇ ਰਾਜਨੀਤਕ ਸੋਚ ਵਿਚ ਬੁਨਿਆਦੀ ਕੋਈ ਫ਼ਰਕ ਜਾਂ ਬਦਲ ਨਹੀਂ। ਸਾਰੇ ਹੀ ਬਾਣੀ-ਸਿਰਜਨਹਾਰ ਗੁਰੂ ਆਪਣੇ ਆਪ ਨੂੰ 'ਨਾਨਕ' ਅਖਵਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਦੱਸਾਂ ਪਾਤਿਸ਼ਾਹੀਆਂ ਦਾ ਸਰੂਪ' ਹੈ, ਸੰਗਤ 'ਖਾਲਸਾ' ਹੋ ਗਈ ਹੈ, ਸਿੱਖ ਲਹਿਰ ਦਾ ਜਥੇਬੰਦਕ ਰੂਪ 'ਪੰਥ' ਦਾ ਰੂਪ ਗ੍ਰਹਿਣ ਕਰ ਗਿਆ ਹੈ। ਗੁਰੂ-ਗ੍ਰੰਥ ਵਿਚ ਨਿਰਗੁਣ ਗੁਰੂ-ਜੋਤਿ ਹੈ ਅਤੇ ਗੁਰੂ-ਪੰਥ ਵਿਚ ਸਰਗੁਣ ਗੁਰੂ-ਜੋਤਿ ਹੈ। ਗੁਰੂ-ਪਰੰਪਰਾ ਤੇ ਗੁਰੂ-ਸੰਸਥਾ ਵਿਚ ਬੁਨਿਆਦੀ ਜਾਂ ਪ੍ਰਥੱਮ ਤੱਤ ਗੁਰੂ-ਜੋਤਿ ਦਾ ਹੈ। ਚੂੰਕਿ 'ਗੁਰੂ-ਜੋਤਿ' ਸਦਾ ਤੇ ਨਿਰੰਤਰ ਸੰਪੂਰਨ ਹੈ, ਇਸ ਲਈ ਗੁਰੂ ਨਾਨਕ ਦੇਵ ਜੀ ਵਲੋਂ ਧਰਮ ਦੇ ਸੰਕਲਪ, ਸਰੂਪ, ਸਿਧਾਂਤ, ਸਾਰਥਿੱਕਤਾ ਤੇ ਸੰਪੂਰਨਤਾ ਨੂੰ ਉਜਾਗਰ ਕਰਨ ਵਾਸਤੇ ਜਿਨ੍ਹਾਂ ਬੁਨਿਆਦਾਂ ਨੂੰ ਆਧਾਰ ਬਣਾ ਕੇ ਉਲੀਕਿਆ ਗਿਆ ਸੀ, ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤੱਕ ਅੱਠਾਂ ਗੁਰੂ ਸਾਹਿਬਾਨ ਨੇ ਉਹਨਾਂ ਬੁਨਿਆਦਾਂ ਦੀ ਦਿਸ਼ਾ ਵਿਚ ਹੀ ਸਿੱਖ ਧਰਮ, ਸਿੱਖ ਗ੍ਰੰਥ, ਸਿੱਖ ਪੰਥ ਤੇ ਸਿੱਖ ਗੌਰਵ ਨੂੰ ਸਿਰਜਿਆ ਹੈ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿੱਭਾ ਦੀ ਵਾਹੁ ਵਾਹੁ, ਵਿਸ਼ੇਸ਼ਤਾ ਤੇ ਵਿਲੱਖਣਤਾ ਹੈ ਕਿ ਉਹਨਾਂ ਨੇ ਬਾਦਸ਼ਾਹ ਤੇ ਦਰਵੇਸ਼ ਹੁੰਦਿਆਂ, ਜਿਥੇ ਸੰਤ ਤੇ ਸਿਪਾਹੀ, ਰਾਜ ਤੇ ਜੋਗ, ਧਰਮ ਤੇ ਯੁੱਧ, ਪਿਆਰ ਤੇ ਸੰਘਾਰ ਦੇ ਕਰਤੱਵਾਂ ਨੂੰ ਬੜੀ ਸਫ਼ਲਤਾ ਨਾਲ ਨਿਭਾਹਿਆ ਹੈ, ਉਥੇ ਸਮਰਪਿਤ, ਸੇਵਾ, ਸਹਿਜ ਤੇ ਸਿਰਜਨਾ ਦੇ ਬਹੁ-ਪੱਖੀ ਖੇਤਰ ਵਿਚ ਵੀ ਸੰਪੂਰਨਤਾ ਦੀਆਂ ਛੋਹਾਂ ਪ੍ਰਦਾਨ ਕਰ ਕੇ, ਹਰ ਪੱਖੋਂ, ਏਕਤਾ, ਬਰਾਬਰਤਾ ਤੇ ਸਦਭਾਵਨਾ ਦੇ ਪੰਥਕ ਆਦਰਸ਼ਾਂ ਨੂੰ ਜਿਵੇਂ ਉਚਿਆਇਆ ਅਤੇ ਵਡਿਆਇਆ ਹੈ, ਉਸ ਦਾ ਸਿੱਟਾ ਹੀ ਹੈ ਕਿ ਸਮਕਾਲੀ ਭਾਈ ਗੁਰਦਾਸ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿੱਭਾ ਨੂੰ 'ਵਾਹੁ ਵਾਹੁ' ਦੀ ਸਿਮ੍ਰਤੀ ਨਾਲ ਯਾਦ ਕਰਦਾ ਹੈ। ਭਾਈ ਗੁਰਦਾਸ ਜੀ ਨੂੰ ਏਕਤਾ, ਬਰਾਬਰਤਾ ਤੇ ਸਦਭਾਵਨਾ ਦੇ ਪ੍ਰਸੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ 'ਆਪੇ ਗੁਰ ਚੇਲਾ' ਵਾਲਾ ਕੀਤਾ ਅਦੁੱਤੀ ਕਾਰਨਾਮਾ ਵੀ ਬੜਾ ਵਾਹੁ ਵਾਹੁ ਵਾਲਾ ਦ੍ਰਿਸ਼ਟੀਗੋਚਰ ਹੁੰਦਾ ਹੈ। 'ਆਪੇ ਗੁਰ ਚੇਲਾ' ਵਾਲਾ ਅਦੁੱਤੀ ਕਾਰਨਾਮਾ ਨਿਸਚੇ ਹੀ ਇੰਨਾ ਵੱਡਾ, ਸਿਰਜਨਾਤਮਿਕ, ਪ੍ਰਭਾਵਸ਼ਾਲੀ ਤੇ ਵਿਲੱਖਣ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿੱਭਾ ਨੂੰ 'ਵਾਹੁ ਵਾਹੁ' ਕਹਿਣਾ ਬਿਲਕੁੱਲ ਯੋਗ ਲਗਦਾ ਹੈ।

( ੨ )

'ਆਪੇ ਗੁਰ' ਪ੍ਰਤੀਕ ਹੈ...ਗੁਰੂ ਗੋਬਿੰਦ ਸਿੰਘ ਜੀ ਦਾ ਤੇ 'ਚੇਲਾ' ਵੀ ਪ੍ਰਤੀਕ ਹੈ ਗੁਰੂ ਗੋਬਿੰਦ ਸਿੰਘ ਜੀ ਦਾ। ਭਾਰਤੀ ਬੋਲੀ ਤੇ ਸੰਸਕ੍ਰਿਤ ਵਿਚ 'ਗੁਰੂ' ਸਦਾ 'ਗੁਰੂ' ਰਿਹਾ ਹੈ ਅਤੇ 'ਚੇਲਾ' ਸਦਾ 'ਚੇਲਾ' ਰਿਹਾ ਹੈ। ਸਿੱਖ ਸੰਕਲਪ ਵਿਚ 'ਗੁਰੂ' ਦਾ ਭਾਵ ਹੈ–ਜਿਸ ਦਾ ਅੰਗ ਅੰਗ ਹਰਿ-ਜੋਤਿ ਦੇ ਪ੍ਰਕਾਸ਼ ਨਾਲ ਸ਼ਿੰਗਾਰਿਆ ਹੋਇਆ ਵੀ ਹੈ ਅਤੇ ਹਰਿ-ਜੋਤਿ ਦੇ ਪ੍ਰਕਾਸ਼ ਨਾਲ ਆਪਣੇ ਸਿੱਖ-ਚੇਲਾ ਨੂੰ ਇਕਸੁਰ ਤੇ ਇਕਰੂਪ ਕਰ ਕੇ



www.AKJ.Org

ਬਿਲਕੁੱਲ ਆਪਣੇ ਵਰਗਾ, ਇਕ ਹੋਰ 'ਜੋਤਿ-ਸਰੂਪ' ਵੀ ਸਿਰਜ ਸੰਵਾਰ ਸਕੇ। ਗੁਰੂ-ਪਰੰਪਰਾ ਵਿਚ ਆਦਿ ਤੇ ਸਥਾਪਿਤ 'ਗੁਰੂ' ਕੇਵਲ ਗੁਰੂ ਨਾਨਕ ਦੇਵ ਜੀ ਹਨ, ਪਰ ਬਾਕੀ ਨੌਂ ਗੁਰੂ ਰੂਪ ਪਹਿਲਾਂ 'ਗੁਰੂ-ਸਿੱਖ' (ਚੇਲਾ) ਸਨ। ਜਦੋਂ ਗੁਰੂ-ਵਿਚਾਰ ਦੁਆਰਾ ਸਿੱਖੀ-ਸਿਖਿਆ ਵਿਚ 'ਸਿੱਖ-ਚੇਲਾ' ਪਰਵਾਨ ਹੋ ਗਿਆ, ਗੁਰ-ਸ਼ਬਦ-ਸੱਚ ਵਿਚ ਸਮਾ ਗਿਆ, ਨਦਰਿ-ਨਿਹਾਲ ਦੀ ਖੁਸ਼ੀ ਤੇ ਪਾਤਿਸ਼ਾਹੀ ਪ੍ਰਾਪਤ ਕਰ ਗਿਆ, ਤਾਂ ਉਹ 'ਸਿੱਖ-ਚੇਲਾ', 'ਨਾਨਕ ਰਾਜ' ਦਾ ਅਧਿਕਾਰ ਪ੍ਰਾਪਤ ਕਰ ਕੇ, ਬਿਲਕੁੱਲ ਆਪਣੇ ਗੁਰੂ ਵਰਗਾ ਰੂਪ-ਸਰੂਪ ਗ੍ਰਹਿਣ ਕਰ ਕੇ 'ਕੁਦਰਤੀ ਨੂਰ' ਵੀ ਬਣ ਜਾਂਦਾ ਹੈ ਅਤੇ ਗੁਰੂ-ਸਿੰਘਾਸਣ ਉਤੇ ਵੀ ਬੈਠ ਜਾਂਦਾ ਹੈ। ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਹਰ ਗੁਰੂ ਨੂੰ ਸਿੱਖੀ-ਸਿਖਿਆ ਦੀ ਘਾਲ-ਕਮਾਈ ਕਰਨੀ ਹੀ ਪਈ। ਘਾਲ-ਕਮਾਈ ਦਾ ਰੂਪ ਭਾਵੇਂ ਆਪਾ ਸਮਰਪਿਤ ਕਰਨਾ ਸੀ, ਜਾਂ ਸਾਧਨਾ ਸੀ, ਜਾਂ ਸਹਿਜ ਤੇ ਸ਼ਹੀਦ ਦੀ ਕ੍ਰਿਆ ਵਿਚ ਜੀਊਣਾ ਸੀ, ਜਾਂ ਗੁਰੂ-ਹੁਕਮ ਪਾਲਣਾ ਸੀ, ਜਾਂ ਮੀਰੀ-ਪੀਰੀ ਦੇ ਸ਼ਸਤਰਾਂ ਨਾਲ ਆਪਣੇ ਆਪ ਨੂੰ ਸ਼ਿੰਗਾਰ ਕੇ ਪਤਿ ਸੇਤੀ ਅਧਿਕਾਰ ਨੂੰ ਪ੍ਰਾਪਤ ਕਰਨਾ ਸੀ ਜਾਂ ਸਿੱਖ ਲਹਿਰ ਨੂੰ ਜਥੇਬੰਦ ਕਰ ਕੇ 'ਸੱਚ-ਰਾਜ' ਦੀ ਸਥਾਪਿਤੀ ਲਈ ਕੌਮੀ-ਬੱਲ ਨੂੰ ਪ੍ਰਚੰਡ ਕਰਨਾ ਸੀ, ਜਾਂ ਸਰਬੰਸ ਵਾਰ ਕੇ ਵੀ ਗੁਰੂ-ਪੰਥ ਦੇ ਆਦਰਸ਼ਾਂ ਨੂੰ ਉੱਚਾ ਤੇ ਬੁਲੰਦ ਰੱਖਣਾ ਸੀ, ਪਰ ਇਹ ਅਧਿਆਤਮਕ ਤੇ ਇਤਿਹਾਸਕ ਸੱਚ ਹੈ ਕਿ ਹਰ ਸਿੱਖ-ਚੇਲੇ ਨੂੰ 'ਗੁਰੂ' ਬਣਨ ਦਾ ਮੌਕਾ ਤੇ ਮਾਣ ਪ੍ਰਾਪਤ ਸੀ । ਸਿੱਖ ਚੇਲਾ ਉਹ 'ਗੁਰੂ' ਬਣ ਸਕਿਆ, ਜਿਸ ਨੇ ਗੁਰੂ-ਹੁਕਮ ਨੂੰ ਪਾਲ ਕੇ, 'ਹਉਮੈ-ਹਨੇਰਾ' ਛੱਡ, ਘਾਲ-ਕਮਾਈ ਵਿਚ ਗੁਰੂ-ਨਾਮ-ਨੀਸਾਣ ਦੀ ਪ੍ਰਾਪਤੀ ਕੀਤੀ। ਗੁਰੂ-ਜੋਤਿ ਤੋਂ 'ਜੋਤਿ-ਗੁਰੂ' ਬਣਨ ਤੇ ਜਗਾਣ ਦੀ ਪਰੰਪਰਾ ਵੀ ਸਿੱਖ ਧਰਮ ਵਿਚ ਵਿਲੱਖਣ ਹੈ ਤੇ ਪਹਿਲਾਂ ਗੁਰੂ ਬਣ ਕੇ, ਫ਼ਿਰ ਜੀਉਂਦਿਆਂ ਹੀ 'ਗੁਰੂ' ਰੂਪ ਛੱਡ ਕੇ, ਸਿੱਖ-ਚੇਲਾ ਬਣ ਕੇ, ਗੁਰੂ ਦੀ ਜੈਕਾਰ ਕਰਨ ਦੀ ਭਾਵਨਾ ਵੀ ਸਿੱਖ ਧਰਮ ਵਿਚ ਬੜੀ ਪ੍ਰਚੰਡ ਹੈ। ਪਹਿਲਾਂ ਗੁਰੂ ਹੋਣਾ, ਫਿਰ 'ਚੇਲਾ' ਬਣ ਜਾਣਾ, ਚੇਲੇ ਨੂੰ 'ਗੁਰੂ' ਬਣਾ ਦੇਣਾ, ਤੇ ਫਿਰ ਗੁਰੂ ਤੋਂ ਚੇਲਾ ਬਣ ਜਾਣਾ, ਇਹ ਸੰਕਲਪ ਅਤੇ ਕਰਮ ਗੁਰੂ-ਪਰੰਪਰਾ, ਸਿੱਖ ਧਰਮ ਤੇ ਸਿੱਖ ਇਤਿਹਾਸ ਦਾ ਮੌਲਿਕ ਤੇ ਵਿਲੱਖਣ ਹਸਤਾਖਰ ਵੀ ਹੈ ਅਤੇ ਸਿੱਖ ਕੌਮ ਦੇ ਮੁੱਖ ਨੂੰ ਸਦਾ ਮਾਨਵਵਾਦੀ, ਸਦਭਾਵਨਾ ਵਾਲਾ ਤੇ ਸੁਤੰਤਰਤਾ-ਪੱਖੀ ਰੱਖਣ ਵਾਲਾ ਵੀ ਹੈ । ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉਤੇ, ੩੦ ਮਾਰਚ, ੧੬੯੯ ਈ: ਨੂੰ 'ਆਪੇ ਗੁਰ-ਚੇਲਾ' ਦਾ ਜਿਹੜਾ ਬਚਿੱਤਰ ਨਾਟਕ ਖੇਡਿਆ, ਇਹ ਬਿਲਕੁੱਲ ਗੁਰੂ ਨਾਨਕ ਦੇਵ ਜੀ ਦੇ ਸੰਕਲਪ ਅਤੇ ਕਰਮ ਦੀ ਹੀ ਇਕ ਸਪੱਸ਼ਟ ਤੇ ਸ਼ਾਨਦਾਰ ਕੜੀ ਹੈ ।

( ੩ )

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸ਼ਬਦ-ਗੁਰੂ' ਦਾ ਸੰਕਲਪ ਤੇ ਸਿਧਾਂਤ ਤਾਂ ਵਿਆਪਕ ਪੱਧਰ ਉਤੇ ਸਥਾਪਿਤ ਹੈ, ਪਰ 'ਸੁਰਤਿ-ਧੁਨਿ-ਚੇਲਾ' ਦਾ ਸੰਕਲਪ ਕੇਵਲ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਵਲੋਂ ਪੁਛੇ ਪ੍ਰਸ਼ਨ ਦੇ ਉਤਰ ਵਿਚ ਹੀ ਮੂਰਤੀਮਾਨ ਕੀਤਾ ਹੈ। 'ਸ਼ਬਦ ਗੁਰੂ' ਤੇ 'ਸੁਰਤਿ ਧੁਨਿ ਚੇਲਾ' ਦਾ ਸੰਕਲਪ ਤੇ ਰਿਸ਼ਤਾ ਸ਼ੁਧ ਰੂਪ ਵਿਚ ਨਿਰਗੁਣ ਤੇ ਨਿਰੋਲ ਆਤਮਕ ਹੀ ਹੈ। 'ਸ਼ਬਦ' ਸਥਾਨਾਪਤਿ ਹੈ ਗੁਰੂ ਦਾ, ਤੇ 'ਸੁਰਤਿ' ਪ੍ਰਤੀਨਿੱਧ ਹੈ ਜੀਵ ਦੀ। ਜਿਵੇਂ ਸ਼ਬਦ-ਸੁਰਤਿ ਦੇ ਰਿਸ਼ਤੇ ਵਿਚ ਆਤਮਕ ਇਕ ਇਕਸੁਰਤਾ, ਪ੍ਰੇਮ, ਰਸ ਤੇ ਸੁਤੰਤਰਤਾ ਪ੍ਰਧਾਨ ਹੈ, ਇਸੇ ਤਰ੍ਹਾਂ ਗੁਰੂ ਤੇ ਸਿੱਖ ਦੇ ਰਿਸ਼ਤੇ ਵਿਚ ਵੀ ਰੂਪ-ਰੰਗ, ਜਾਤਿ-ਪਾਤਿ, ਵਰਨ-ਭੇਦ, ਕੁਲ, ਕ੍ਰਿਤ, ਬੋਲੀ ਤੇ ਪ੍ਰਾਂਤ ਦੀ ਕੋਈ ਵੰਡ ਨਹੀਂ। ਕੋਈ ਵੱਡਾ ਨਹੀਂ, ਕੋਈ ਛੋਟਾ ਨਹੀਂ, ਸੰਗਤੀ-ਪ੍ਰੇਮ ਵਿਚ ਸਾਰੇ ਬਰਾਬਰ ਹਨ, ਸਾਰੇ ਆਤਮਕ ਰਸ ਭੁੰਚਣ ਦੇ ਅਧਿਕਾਰੀ ਹਨ, ਮੁਥਾਜੀ ਤੇ ਕਾਮਨਾ ਤੋਂ ਦੋਵੇਂ ਆਜ਼ਾਦ ਹਨ। ਸ਼ਬਦ-ਸੁਰਤਿ ਤੇ ਗੁਰੂ-ਸਿੱਖ ਦਾ ਪ੍ਰੇਮ ਸਦਾ ਨਵਾਂ ਰਹਿੰਦਾ ਹੈ; ਇਹ ਨੇਹੁ ਨਵੇਲਾ ਵੀ ਹੈ। ਭਾਈ ਗੁਰਦਾਸ ਜੀ ਦਾ ਸਪੱਸ਼ਟ ਨਿਰਣਾ ਹੈ :

(ੳ) ਗੁਰਮੁਖਿ ਸੁਖ ਫਲ ਪਿਰਮ ਰਸ ਹੁਇ ਗੁਰ ਸਿਖ ਮੇਲਾ ॥



www.AKJ.Org

(ਅ) ਸਬਦ ਸੁਰਤਿ ਪਰਚਾਇ ਕੈ ਨਿਤ ਨੇਹੁ ਨਵੇਲਾ ॥੧੪॥ (ਵਾਰ ੧੩)

ਗੁਰੂ-ਸਿੱਖੀ ਦੀ ਸਹੀ ਪਛਾਣ ਵੀ ਸ਼ਬਦ-ਸੁਰਤਿ ਦੇ ਸਤਿਸੰਗਤੀ ਅਨੁਭਵ ਵਿਚੋਂ ਹੀ ਉਜਾਗਰ **ਹੁੰਦੀ ਹੈ :**

ਗੁਰ ਸਿਖੀ ਦਾ ਸਿਖਣਾ ਸਬਦ ਸੁਰਤਿ ਸਤਸੰਗਤਿ ਸਿਖੇ ॥੫॥ (ਵਾਰ ੨੮)

ਗੁਰੂ-ਸਿਖੀ ਦੇ ਰਿਸ਼ਤੇ ਵਿਚ ਕਿਸੇ ਹੋਰ ਸੰਸਾਰਕ-ਵਿਧੀ ਜਾਂ ਕਿਰਿਆ ਕਰਨ ਦੀ ਲੋੜ **ਨਹੀਂ, ਕੇਵਲ** ਗੁਰੂ ਦਾ ਫੁਰਮਾਨ ਹੀ ਕਾਫ਼ੀ ਹੈ :

ਗੁਰ ਸਿਖੀ ਦਾ ਕਰਮੁ ਏਹੁ ਗੁਰ ਫੁਰਮਾਏ ਗੁਰਸਿਖ ਕਰਣਾ ॥੧੦॥ (ਵਾਰ ੨੮)

ਸਿੱਖ ਧਰਮ ਵਿਚ ਮੂਰਤੀ-ਪੂਜਾ ਨਹੀਂ, ਨਾ ਸਰੀਰ-ਪੂਜਾ ਹੈ ਅਤੇ ਨਾ ਹੀ ਅਵਤਾਰਵਾਦ **ਦੀ ਵਿਸ਼ੇਸ਼ਤਾ** ਹੈ; ਇਥੇ ਕੇਵਲ ਗੁਰੂ ਹੈ, ਗੁਰੂ ਦਾ ਉਪਦੇਸ਼ ਹੈ, ਗੁਰੂ ਦਾ ਸ਼ਬਦ ਹੈ, ਗੁਰੂ ਦੀ ਬਾਣੀ ਹੈ। **ਗੁਰੂ ਦਾ ਬਚਨ** ਅਤੇ ਗੁਰੂ ਇਕੋ ਰੂਪ **ਹੈ :—**

ਸਤਿਗੁਰ ਬਚਨ ਬਚਨ ਹੈ ਸਤਿਗੁਰ...॥੫॥੩॥ (ਕਾਨੜਾ ਅਸ: ਮ: ੪–੧੩੧੦)

ਗੁਰੂ ਦਾ ਬਚਨ ਇਕ ਸੁਤੰਤਰ ਅਧਿਕਾਰ ਵਿਚ ਸ਼ਖ਼ਸੀਅਤ ਧਾਰ ਲੈਂਦਾ ਹੈ, ਕਰਤਾਰਪੁਰ **ਬਣ ਜਾਂਦਾ ਹੈ,** ਪਰਖੋਤਮ ਸਰਬੋਤਮ ਹੋ ਜਾਂਦਾ ਹੈ, ਅਖ਼ੀਰ ਆਪਣੇ ਸਤਿ ਸਰੂਪ ਵਿਚ ਅਕਾਲ ਪੁਰਖ ਨਾਲ ਅਭੇਦ **ਹੋ ਜਾਂਦਾ ਹੈ :**

(ੳ) ਸਤਿਗੁਰ ਬਾਣੀ ਪੁਰਖੁ ਪੁਰਖੋਤਮ...੨॥੧॥ (ਕਾਨੜਾ ਅਸ: ਮ: ੪, ਪੰਨਾ ੧੩੦੮)

(ਅ) ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ॥ਪਉੜੀ ੯॥ (ਵਾਰ ਗਉੜੀ ਮ: ੪–ਪੰਨਾ **੩੦੪)**

ਗੁਰੂ, ਗੁਰਬਾਣੀ, ਪੁਰਖ, ਪੁਰਖੋਤਮ, ਅਕਾਲ-ਪੁਰਖ ਤੇ ਸਤਿ ਸਰੂਪ ਇਹ ਸਾਰੇ 'ਸ਼ਬਦ' **ਦੇ ਹੀ ਪ੍ਰਕਾਸ਼** ਬਿੰਬ ਹਨ। ਸ਼ਬਦ ਸ਼ਖ਼ਸੀਅਤ ਦਾ ਅਨੁਭਵ ਤੇ ਅੰਦਾਜ਼ਾ ਕੇਵਲ ਸੁਰਤਿ ਹੀ ਲਾ ਸਕਦੀ ਹੈ, ਹੋਰ ਕੋਈ ਪੂਜਾ-ਵਿਧੀ ਜਾਂ ਸਾਧਨਾ-ਪੱਖ ਨਹੀਂ। ਸ਼ਬਦ-ਸੁਰਤਿ ਦਾ ਨਿਰਗੁਣ ਤੇ ਨਿਰੋਲ ਆਤਮਕ ਰਿਸ਼ਤਾ **ਹੀ ਅਖ਼ੀਰ** ਜਦੋਂ ਸਰਗੁਣ ਸਰੂਪ ਵਿਚ ਪ੍ਰਗਟ ਹੁੰਦਾ ਹੈ, ਤਾਂ ਉਹ ਗੁਰੂ-ਚੇਲਾ (ਸਿੱਖ) ਦਾ ਰਿਸ਼ਤਾ ਬਣ **ਜਾਂਦਾ ਹੈ।** ਗੁਰੂ ਨਾਨਕ ਦੇਵ ਜੀ ਤੇ ਭਾਈ ਲਹਿਣਾ ਜੀ ਦਾ ਪਹਿਲਾ ਆਤਮਕ ਰਿਸ਼ਤਾ ਗੁਰੂ ਅਤੇ ਚੇਲੇ ਦਾ ਰਿਸ਼ਤਾ ਹੀ ਉਜਾਗਰ ਹੋਇਆ ਸੀ, ਜੋ ਗੁਰੂ ਨਾਨਕ ਦੇਵ ਜੀ ਫੁਰਮਾਨ ਕਰਦੇ ਸਨ, ਭਾਈ ਲਹਿਣਾ ਜੀ **ਗੁਰੂ-ਸਿੱਖ** ਹੋਣ ਦੇ ਨਾਤੇ ਖਿੜੇ ਮੱਥੇ, ਪ੍ਰੇਮ ਰਸ ਵਿਚ, ਬਿਨਾ ਮੁਥਾਜੀ ਅਹਿਸਾਸ ਦੇ, ਸਵੀਕਾਰ ਕਰ ਲੈਂਦੇ ਸਨ। ਗੁਰੂ-ਫੁਰਮਾਨ ਦੀ ਸਵੀਕ੍ਰਿਤੀ ਨਾਲ ਹੀ ਭਾਈ ਲਹਿਣੇ ਨੂੰ ਗੁਰੂ ਨਾਨਕ ਦੇਵ ਜੀ ਇੰਨਾ ਪਿਆਰ ਕਰਦੇ ਹਨ ਕਿ ਆਪਣੇ ਅੰਗ ਨਾਲ ਲਾ ਕੇ, ਅੰਗਦ ਬਣਾ ਕੇ ਅਖ਼ੀਰ ਗੁਰੂ-ਜੋਤਿ ਰੂਪ ਵਿਚ ਸਜਾ-ਸੰਵਾਰ ਕੇ, ਆਪਣੀ ਆਤਮਕ ਤੇ ਸਮਾਜਕ—ਸਾਰੀ ਰਾਸਿ ਗੁਰੂ ਅੰਗਦ ਦੇਵ ਜੀ ਨੂੰ ਪ੍ਰਦਾਨ ਕਰ ਦਿੰਦੇ ਹਨ। ਇਸ ਤਰ੍ਹਾਂ ਗੁਰੂ-ਚੇਲੇ ਦਾ ਪਰੰਪਰਾਗਤਿ ਤੇ ਸਦੀਵੀ ਭੇਦ ਮਿਟਾ ਕੇ, 'ਆਪੇ ਗੁਰ-ਚੇਲਾ' ਦੀ ਜਿਹੜੀ ਪਰੰਪਰਾ ਗੁਰੂ ਨਾਨਕ ਦੇਵ ਜੀ ਨੇ ਚਲਾਈ, ਬਾਰ ਗੁਰੂ ਸਾਹਿਬਾਨ ਨੇ, ਉਸੇ ਪਰੰਪਰਾ ਅਨੁਸਾਰ ਆਪਣੇ **ਧਰਮ-ਉਦੇਸ਼** ਨੂੰ ਪੂਰਾ ਕਰਨ ਦਾ ਯਤਨ ਕੀਤਾ। ਗੁਰੂ-ਚੇਲੇ ਦੀ ਏਕਤਾ, ਬਰਾਬਰਤਾ ਤੇ ਸਦਭਾਵਨਾ ਦਾ ਜੋ ਸਭ ਤੋਂ ਪਹਿਲਾਂ ਕਿਸੇ ਸਿੱਖ ਬਾਣੀਕਾਰ ਨੇ ਸਹੀ ਅਨੁਭਵ ਕੀਤਾ, ਤਾਂ ਉਹ ਪਹਿਲਾ ਭਾਈ ਗੁਰਦਾਸ **ਸੀ, ਜਿਸ ਨੇ** ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਦੀ ਇਕ-ਰੂਪਤਾ ਨੂੰ ਗੁਰੂ-ਚੇਲੇ ਦੀ ਇਕ-ਸਰੂਪਤਾ ਦੇ ਪ੍ਰਸੰਗ ਵਿਚ ਪੇਸ਼ ਕੀਤਾ ਹੈ :

(ੳ) ਗੁਰ ਅੰਗਦੁ ਗੁਰ ਅੰਗ ਤੇ ਗੁਰੁ ਚੇਲਾ ਚੇਲਾ ਗੁਰ ਭਾਇਆ ॥੩੪॥ (ਵਾਰ ੨੬)

(ਅ) ਪਾਰਬ੍ਰਹਮ ਪੂਰਨ ਬ੍ਰਹਮੁ ਸਬਦ ਸੁਰਤਿ ਸਤਿਗੁਰ ਗੁਰ ਚੇਲਾ ॥੧੬॥ (ਵਾਰ ੧੨)

(ੲ) ਗੁਰ ਚੇਲਾ ਚੇਲਾ ਗੁਰੂ ਗੁਰ ਚੇਲੇ ਪਰਚਾ ਪਰਚਾਇਆ ॥੮॥ (ਵਾਰ ੨੪)

ਭੱਟਾਂ ਵਿਚੋਂ ਵੀ 'ਕੀਰਤ ਭੱਟ' ਦਾ ਅਨੁਭਵ ਭਾਈ ਗੁਰਦਾਸ ਜੀ ਵਰਗਾ ਹੀ ਲਗਦਾ ਹੈ :

ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ



www.AKJ.Org

ਤਿਨਿ ਸਬਦੁ ਸੁਰਤਿ ਕੀਨੀ ਵਰਖਾਈ ॥੩॥੫੮॥ (ਪੰਨਾ ੧੪੦੬)

ਨਿਸਚੇ ਹੀ ਜਿਵੇਂ ਆਤਮਕ-ਰਿਸ਼ਤੇ ਵਿਚ ਸ਼ਬਦ-ਗੁਰੂ ਹੈ ਅਤੇ ਸੁਰਤਿ ਚੇਲਾ ਹੈ, ਦੋਹਾ ਦੇ ਇਕਸੁਰ ਤੇ ਇਕਰੂਪ ਹੋਣ ਨਾਲ ਦਵੈਤ, ਵੰਡ, ਭੈ ਤੇ ਮੁਥਾਜੀ ਮੁਕ ਜਾਂਦੀ ਹੈ, ਪ੍ਰੇਮ, ਰਸ, ਏਕਤਾ ਤੇ ਸੁਤੰਤਰਤਾ ਦਾ ਮੰਡਲ ਸਹਿਜੇ ਹੀ ਸਿਰਜਿਆ ਜਾਂਦਾ ਹੈ, ਇਸੇ ਤਰ੍ਹਾਂ ਗੁਰੂ-ਪਰੰਪਰਾ ਤੇ ਖ਼ਾਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ-ਸਿੱਖ ਦੇ ਸਮਾਜਕ ਰਿਸ਼ਤਿਆਂ ਵਿਚੋਂ ਦਵੈਤ, ਵੰਡ, ਭੈ ਤੇ ਮੁਥਾਜੀ ਦੀ ਭਾਵਨਾ ਮੁਕਾ ਕੇ, ਦੋਹਾਂ ਵਿਚ ਅਜਿਹੀ ਏਕਤਾ, ਇਕਸੁਰਤਾ ਤੇ ਇਕਰੂਪਤਾ ਜਗਾ ਦਿਤੀ ਕਿ 'ਗੁਰੂ' ਚੇਲਾ ਬਣਨ ਵੇਲੇ ਨੀਵਾਂ ਮਹਿਸੂਸ ਨਹੀਂ ਕਰਦਾ ਅਤੇ 'ਚੇਲਾ' ਗੁਰੂ ਬਣ ਕੇ ਹੰਕਾਰ ਅਧੀਨ ਉਚਾ ਨਹੀਂ ਅਖਵਾਂਦਾ। ਗੁਰ-ਚੇਲੇ ਦਾ ਸੰਜੋਗ, ਸ਼ਬਦ-ਸੁਰਤਿ ਦੇ ਸੰਜੋਗ ਵਰਗਾ ਹੀ ਹੋ ਜਾਂਦਾ ਹੈ। ਇਸ ਲਈ 'ਆਪੇ ਗੁਰ ਚੇਲਾ' ਦੇ ਬੋਲ ਵਿਚ ਸ਼ਬਦ-ਗੁਰੂ ਨਾਲ ਸ਼ਿੰਗਾਰੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿੱਭਾ ਇਕੋ ਹੀ ਹੈ, ਪਹਿਲਾਂ ਅੰਮ੍ਰਿਤ ਦੇ ਦੇਣ ਵੇਲੇ ਉਹ 'ਗੁਰੂ' ਹੈ, ਫਿਰ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਪ੍ਰਾਪਤ ਕਰਨ ਵੇਲੇ ਉਹ 'ਚੇਲਾ' ਹੈ; ਇਸ ਨਾਟਕੀ-ਪ੍ਰਦਰਸ਼ਨ ਦੇ ਪ੍ਰਸੰਗ ਵਿਚ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ 'ਆਪੇ ਗੁਰ ਚੇਲਾ' ਦੀ ਵਿਸ਼ੇਸ਼ਤਾ ਪ੍ਰਦਾਨ ਕਰ ਕੇ, ਦੂਜਾ ਭਾਈ ਗੁਰਦਾਸ ਸਿੰਘ ਕੀ, ਸਮੁੱਚਾ ਸਿੱਖ ਜਗਤ ਆਪਣਾ ਅਭਿਨੰਦਨ ਪੇਸ਼ ਕਰਦਾ ਹੈ।

( ੪ )

'ਆਪੇ ਗੁਰ ਚੇਲਾ' ਦਾ ਨਾਟਕੀ ਤੇ ਬਚਿੱਤਰ ਪ੍ਰਦਰਸ਼ਨ, ਸਪੱਸ਼ਟ ਰੂਪ ਵਿਚ, ਪਹਿਲੀ ਵਾਰੀ ੩੦ ਮਾਰਚ, ੧੬੯੯ ਈ: ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਦਿਖਾਇਆ ਹੈ। ਵੈਸਾਖੀ ਦਾ ਦਿਵਸ ਹੈ, ਦੀਵਾਨ ਸਜਿਆ ਹੋਇਆ ਹੈ। ਗੁਰੂ-ਦਰਸ਼ਨ-ਦੀਦਾਰ ਲਈ ਤੇ ਗੁਰੂ-ਫੁਰਮਾਨ ਸੁਣਨ ਲਈ ਪੰਜਾਬ ਤੋਂ ਹੀ ਨਹੀਂ, ਸਾਰੇ ਭਾਰਤ ਵਿਚੋਂ 'ਸਿੱਖ' ਸੰਗਤ ਰੂਪ ਵਿਚ ਜੁੜੇ ਹੋਏ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਸਤ-ਕਮਲ ਵਿਚ ਨੰਗੀ ਤਲਵਾਰ ਫੜੀ ਹੋਈ ਹੈ ਅਤੇ ਬੜੀ ਬਚਿੱਤਰਤਾ ਨਾਲ ਸਟੇਜ ਉਤੇ ਆ ਖੜੇ ਹੁੰਦੇ ਹਨ। ਬੜੇ ਪਿਆਰ ਅਤੇ ਵੰਗਾਰ ਨਾਲ ਫੁਰਮਾਨ ਕਰਦੇ ਹਨ ਕਿ ਮੈਨੂੰ ਇਕ ਸਿੱਖ ਦਾ ਸੀਸ ਚਾਹੀਦਾ ਹੈ, ਕੂੰਕਿ ਫੁਰਮਾਨ ਬਚਿੱਤਰ ਸੀ, ਤੇ ਪਹਿਲੀ ਵਾਰੀ ਪ੍ਰਕਾਸ਼ ਹੋਇਆ ਸੀ, ਇਸ ਲਈ ਅਸਚਰਜਤਾ ਦਾ ਸਹਿਜ ਸੁਭਾ ਪ੍ਰਗਟ ਹੋਣਾ, ਲਾਜ਼ਮੀ ਸੀ। ਐਸਾ ਪ੍ਰਗਟ ਹੋਇਆ ਵੀ, ਪਰ ਜਿਹੜੇ ਸਿੱਖ 'ਸਿੱਖੀ' ਨਾਲ ਜੁੜੇ ਹੋਣ ਕਰਕੇ ਸਦਾ ਹੀ ਤਨ, ਮਨ ਤੇ ਧਨ ਗੁਰੂ-ਹੁਕਮ ਲਈ ਸਮਰਪਿਤ ਰਖਦੇ ਸਨ, ਪਹਿਲਾਂ ਉਹਨਾਂ ਵਿਚੋਂ ਇਕ 'ਦਇਆ ਰਾਮ' ਉਠਿਆ ਤੇ ਕਹਿਣ ਲੱਗਾ ਹਜ਼ੂਰ! ਮੇਰਾ ਸੀਸ ਹਾਜ਼ਰ ਹੈ। ਗੁਰੂ ਗੋਬਿੰਦ ਸਿੰਘ ਜੀ 'ਦਇਆ ਰਾਮ' ਨੂੰ ਨਾਲ ਲਗੇ ਤੰਬੂ ਵਿਚ ਲੈ ਗਏ। ਜਦੋਂ ਵਾਪਿਸ ਦੀਵਾਨ ਵਿਚ ਆਏ ਤਾਂ ਚੇਹਰੇ ਉਤੇ ਜਾਹੁ ਜਲਾਲੁ ਸੀ ਤੇ ਤਲਵਾਰ ਲਹੂ ਨਾਲ ਭਿੱਜੀ ਹੋਈ ਸੀ। ਫਿਰ ਫੁਰਮਾਨ ਪ੍ਰਕਾਸ਼ ਹੋਇਆ ਕਿ ਇਕ ਹੋਰ ਸਿੱਖ ਦਾ ਸੀਸ ਚਾਹੀਦਾ ਹੈ, ਫਿਰ ਵਾਰੀ ਵਾਰੀ ਤਿੰਨ ਵਾਰੀ ਹੋਰ ਸੀਸ ਮੰਗੇ। ਇਸ ਤਰ੍ਹਾਂ ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਚੰਦ, ਭਾਈ ਮੋਹਕਮ ਦਾਸ ਤੇ ਭਾਈ ਸਾਹਿਬ ਚੰਦ ਜੀ ਨੇ ਸੀਸ ਭੇਟ ਕੀਤੇ। ਫੁਰਮਾਨ ਨੂੰ ਮੰਨਣਾ, ਮੰਨਣ ਵਿਚ 'ਸੀਸ' ਤਲੀ ਉਤੇ ਰਖ ਕੇ ਭੇਟ ਕਰਨਾ, ਇਕ ਪ੍ਰੇਮ ਦਾ ਪ੍ਰਗਟਾਵਾ ਕਰਨਾ ਵੀ ਸੀ। ਸਹੀ ਅਰਥਾਂ ਵਿਚ ਗੁਰੂ ਦਾ ਸਿੱਖ ਬਣਨਾ ਵੀ ਸੀ, ਵਿਸ਼ੇਸ਼ ਤੌਰ ਤੇ ਸਿੱਖੀ ਵਿਚ ਪਰਵਾਨ ਹੋਣਾ ਵੀ ਸੀ। ਇਹੀ ਕਾਰਨ ਹੈ ਕਿ ਜਦੋਂ ਸੱਚ-ਰੰਗ, ਨਾਮ-ਰੰਗ, ਸ਼ਬਦ-ਰੰਗ, ਸਹਿਜ-ਰੰਗ ਤੇ ਗੁਰੂ-ਰੰਗ ਵਿਚ ਰੰਗ ਕੇ ਪੰਜਾਂ ਸਿੱਖਾਂ ਨੂੰ ਤੰਬੂ ਤੋਂ ਬਾਹਰ, ਤੇ ਸੰਗਤ ਵਿਚ ਲਿਆਂਦਾ ਗਿਆ, ਤਾਂ ਵਾਹੁ ਵਾਹੁ ਗੋਬਿੰਦ ਸਿੰਘ ਜੀ ਨੇ ਬੜੀ ਗਰਜਵੀਂ ਤੇ ਨਿੱਘ ਨਾਲ ਸ਼ਿੰਗਾਰੀ ਆਵਾਜ਼ ਵਿਚ ਕਿਹਾ, ਕਿ ਇਹ ਸਿੱਖ ਮੇਰੇ ਪੰਜ ਪਿਆਰੇ ਹਨ। ਜਿਵੇਂ ਗੁਰੂ ਨਾਨਕ ਦੇਵ ਜੀ ਨੂੰ ਸਿੱਖਾਂ-ਪੁੱਤਰਾਂ ਵਿਚੋਂ ਕੇਵਲ ਭਾਈ ਲਹਿਣਾ ਹੀ ਪਿਆਰਾ ਤੇ ਪਹਿਲਾ ਪਰਵਾਨ ਸਿੱਖ ਲੱਗਾ ਸੀ, ਤੇ ਉਹਨਾਂ ਆਪਣੇ ਅੰਗ ਨਾਲ ਲਾ ਕੇ ਭਾਈ ਲਹਿਣਾ ਜੀ ਨੂੰ ਇੰਨਾ ਪਿਆਰ ਕੀਤਾ ਕਿ ਪਿਆਰ-ਭੇਟ ਵਾਲੇ ਨੂੰ ਸਲਾਮਤਿ ਨਾਨਕ-ਰਾਜ ਦੀ 'ਗੁਰਤਾ' ਪ੍ਰਦਾਨ



www.AKJ.Org

ਕਰ ਦਿਤੀ ਸੀ, ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਸ਼ਬਦ-ਗੁਰੂ ਦੀ ਤਾਬਿਆ ਬਿਠਾ, ਅੰਮ੍ਰਿਤ ਛਕਾ ਕੇ, ਸਿੰਘ-ਰੂਪ ਵਿਚ ਸਜਾ-ਸੰਵਾਰ ਕੇ, 'ਗੁਰੂ-ਰੂਪ' ਹੋਣ ਦਾ ਅਮਰ ਮਾਣ-ਵਰਦਾਨ ਬਖ਼ਸ਼ ਦਿਤਾ। ਜਦੋਂ ਪੰਜੇ ਸਿੱਖ ਪਿਆਰੇ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਅੰਮ੍ਰਿਤ ਪ੍ਰਾਪਤ ਕਰ ਰਹੇ ਸਨ, ਤਾਂ ਗੁਰੂ ਗੋਬਿੰਦ ਸਿੰਘ ਜੀ ਦਸਵੇਂ ਨਾਨਕ ਦੇ ਰੂਪ ਵਿਚ 'ਗੁਰੂ' ਸਨ ਤੇ ਜਦੋਂ ਗੁਰੂ-ਰੂਪ ਪੰਜਾਂ ਸਿੱਖਾਂ-ਪਿਆਰਿਆਂ ਦੇ ਸਨਮੁਖ ਖੜੇ ਹੋ ਕੇ, ਗੁਰੂ ਗੋਬਿੰਦ ਸਿੰਘ ਜੀ ਗੁਰੂ 'ਕ੍ਰਿਪਾ' ਦੁਆਰਾ ਪ੍ਰਾਪਤ ਕੀਤੀ 'ਅੰਮ੍ਰਿਤ' ਦੀ ਦਾਤਿ ਮੰਗਦੇ ਹਨ, ਤਾਂ ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਸਿੱਖ-ਚੇਲਾ ਦਾ ਰੂਪ ਹੈ। 'ਸਿੱਖ-ਚੇਲਾ' ਨੇ ਸਦਾ 'ਗੁਰੂ' ਕੋਲੋਂ ਹੀ ਅੰਮ੍ਰਿਤ ਪ੍ਰਾਪਤ ਕਰਨਾ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਸੱਚ-ਅੰਮ੍ਰਿਤ, ਨਾਮ-ਅੰਮ੍ਰਿਤ, ਸ਼ਬਦ-ਅੰਮ੍ਰਿਤ, ਬਾਣੀ-ਅੰਮ੍ਰਿਤ, ਸਹਿਜ-ਅੰਮ੍ਰਿਤ ਤਾਂ ਸਾਰੇ ਗੁਰੂ-ਪਾਤਿਸ਼ਾਹਾਂ ਕੋਲ ਸੀ, ਅੰਮ੍ਰਿਤ-ਜੀਵਨ ਗੁਰੂ ਦਾ ਸੀ ਜਾਂ ਸਿੱਖ ਦਾ ਸੀ, ਉਹ ਜਿਵੇਂ ਵੀ ਜਾਂਦਾ ਜਾਂ ਰਹਿੰਦਾ ਸੀ, ਆਲੇ-ਦੁਆਲੇ ਆਤਮਕ ਪੱਧਰ ਉਤੇ ਅਬਿਚਲ ਨਗਰ, ਬੇਗਮਪੁਰਾ, ਸੱਚਖੰਡ, ਸੱਚੀ ਦਰਗਾਹ, ਨਿਰੰਕਾਰ ਦਾ ਦੇਸ਼ ਤੇ ਅਨੰਦਪੁਰ ਸਿਰਜ ਲੈਂਦਾ ਸੀ। ਦੱਸਾਂ ਗੁਰੂ-ਪਾਤਿਸ਼ਾਹਾਂ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਇਹ ਹੈ ਕਿ ਉਹਨਾਂ ਨੇ ਧਰਤੀ ਉਤੇ ਸਾਕਾਰ ਰੂਪ ਵਿਚ, 'ਅਨੰਦਪੁਰ' ਵੀ ਸਿਰਜਿਆ, ਪ੍ਰੇਮ ਕਰਨ ਨੂੰ 'ਸੀਸ ਦੇ ਦੇਣ' ਦਾ ਬਿੰਬ ਵੀ ਸਿਰਜਿਆ, ਅੰਮ੍ਰਿਤ-ਜੀਵਨ ਨੂੰ ਖੰਡੇ-ਬਾਟੇ ਤੇ ਬਾਣੀ ਦੁਆਰਾ ਤਿਆਰ ਕੀਤਾ ਅੰਮ੍ਰਿਤ (ਇਤਿਹਾਸਕ ਪ੍ਰਸੰਗ ਵਿਚ) ਪ੍ਰਦਾਨ ਕਰ ਕੇ ਸਚਾ ਅਮਰ ਰਹਿਣ ਦਾ ਸਰੋਤ ਵੀ ਸਿਰਜਿਆ। ਸਿੱਖ ਨੂੰ ਸਿੰਘ, ਸੰਗਤ ਨੂੰ ਖਾਲਸਾ, ਗ੍ਰੰਥ ਪੰਥ ਨੂੰ 'ਗੁਰੂ' ਵੀ ਸਿਰਜਿਆ।

(੫)

ਗੁਰੂ ਨਾਨਕ ਦੇਵ ਜੀ ਦੀ ਸਾਰੀ ਸਿਰਜਨਾ ਅਰੰਭਕ ਤੇ ਬੁਨਿਆਦੀ ਨੀਹਾਂ ਵਾਲੀ ਸੀ, ਪਰ ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਸਿਰਜਨਾ ਅੰਤਿਮ ਅਤੇ ਬੁਨਿਆਦੀ ਨੀਹਾਂ ਨੂੰ ਸੰਪੂਰਨਤਾ ਦਾ ਰੂਪ ਪ੍ਰਦਾਨ ਕਰਨ ਵਾਲੀ ਹੈ। ਅਨੰਦਪੁਰ, ਅੰਮ੍ਰਿਤ, ਸਿੰਘ, ਖਾਲਸਾ, ਗ੍ਰੰਥ ਤੇ ਪੰਥ ਇਹ ਸਾਰੇ ਚੂੰਕਿ 'ਸ਼ਬਦ-ਗੁਰੂ' ਕੇਂਦਰਿਤ ਹਨ, ਇਸ ਲਈ ਜਦੋਂ 'ਸ਼ਬਦ-ਗੁਰੂ' ਸੰਪੂਰਨ ਹੈ, ਇਸੇ ਤਰ੍ਹਾਂ ਇਹ ਸਾਰੇ ਕੌਮੀ-ਬੋਲ ਤੇ ਬਿੰਬ ਵੀ ਸੰਪੂਰਨਤਾ ਦੇ ਹੀ ਪ੍ਰਤੀਕ ਹਨ। ਜੋ ਸੰਪੂਰਨਤਾ ਦੀਆਂ ਮੁਹਰਾਂ ਗੁਰੂ ਗੋਬਿੰਦ ਸਿੰਘ ਜੀ ਨੇ ਸਥਾਪਿਤੀ ਕੀਤੀਆਂ ਹਨ, ਖ਼ਾਸ ਕਰਕੇ 'ਆਪੇ ਗੁਰ ਚੇਲਾ' ਰਾਹੀਂ ਧਰਮ ਦੀ ਏਕਤਾ ਦਾ ਜੋ ਸੰਪੂਰਨ ਆਦਰਸ਼ ਸਿਰਜਿਆ ਤੇ ਸਥਾਪਿਤ ਕੀਤਾ ਹੈ, ਉਸ ਦੇ ਅਭਿਨੰਦਨ ਵਜੋਂ ਹੀ ਭਾਈ ਗੁਰਦਾਸ ਸਿੰਘ ਗੁਰੂ ਗੋਬਿੰਦ ਸਿੰਘ ਜੀ ਨੂੰ ਕਦੀ ਵਾਹੁ ਵਾਹੁ ਕਹਿ ਕੇ ਯਾਦ ਕਰਦਾ ਹੈ ਅਤੇ ਕਦੀ 'ਆਪੇ ਗੁਰ ਚੇਲਾ' ਕਹਿ ਕੇ ਉਹਨਾਂ ਦੀ ਵਡਿਆਈ ਨੂੰ ਪ੍ਰਚੰਡ ਕਰਦਾ ਹੈ। ਨਿਸਚੇ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿਭਾ ਬਹੁ-ਪੱਖੀ ਹੁੰਦੀ ਹੋਈ ਵੀ, ਹਰ ਪੱਖੋਂ ਬੜੀ ਪ੍ਰਚੰਡ ਅਤੇ ਸੰਪੂਰਨਤਾ ਦੀ ਪ੍ਰਤੀਕ ਹੈ। ਸੰਪੂਰਨ ਹੋਣਾ ਹੀ ਗੁਰੂ ਜੋਤਿ ਦੀ ਪ੍ਰਥੱਮ ਤੇ ਪ੍ਰਮਾਣੀਕ ਪਛਾਣ ਵੀ ਹੈ ਅਤੇ ਵਿਲੱਖਣ ਪ੍ਰਾਪਤੀ ਵੀ ਹੈ।

---

## ਨੋਟ ਕਰੋ ਜੀ !

੧. ਪ੍ਰਦੇਸੀ ਵੀਰਾਂ ਪਾਸ ਬੇਨਤੀ ਹੈ ਕਿ ਸੂਰਾ ਨੂੰ ਭੇਜਣ ਵਾਲੇ ਡਰਾਫ਼ਟ ਜਾਂ ਮਨੀਆਰਡਰ ਆਦਿ ਕੇਵਲ ਇੰਡੀਅਨ ਕਰੰਸੀ ਵਿਚ, ਭਾਵ ਰੁਪਿਆਂ ਵਿਚ ਹੀ ਭੇਜੋ, ਕਿਉਂਕਿ ਪ੍ਰਦੇਸੀ ਕਰੰਸੀ ਨੂੰ ਕੈਸ਼ ਕਰਾਉਣ ਬਦਲੇ ਬੈਂਕ ਬਹੁਤ ਜ਼ਿਆਦਾ ਕਟੌਤੀ ਜਿਹਾ ਕਿ ੫੦ ਡਾਲਰ/੨੫ ਪੌਂਡ ਪ੍ਰਤੀ ਡਰਾਫ਼ਟ ਕਰਦੇ ਹਨ।

੨. ਜਨਵਰੀ ਦਾ ਪਰਚਾ ਜਿਨ੍ਹਾਂ ਪਾਠਕਾਂ ਨੂੰ ਨਹੀਂ ਮਿਲਿਆ, ਉਹ ਕਾਰਡ ਲਿਖ ਕੇ ਦੁਬਾਰਾ ਮੰਗਵਾ ਲੈਣ ਜੀ।

੩. ਆਪਣੇ ਪਰਚੇ ਦਾ ਚਿੱਟ ਨੰਬਰ ਯਾਦ ਰਖੋ ਜਾਂ ਆਪਣੇ ਪਾਸ ਨੋਟ ਕਰਕੇ ਰਖੋ ਜੀ। ਚੰਦਾ ਜਮ੍ਹਾ ਕਰਾਉਣ ਵੇਲੇ ਚਿੱਟ ਨੰਬਰ ਜ਼ਰੂਰ ਲਿਖਵਾਉ, ਨਹੀਂ ਤਾਂ ਆਪ ਜੀ ਦਾ ਚੰਦਾ ਗ਼ਲਤ ਖਾਤੇ ਵਿਚ ਜਮ੍ਹਾ ਹੋ ਸਕਦਾ ਹੈ।

www.AKJ.Org

# ਅਨੋਖੀ ਵਿਸਾਖੀ

[ਭਾਈ ਨਰੈਣ ਸਿੰਘ ਜੀ ਐਮ ਏ , ਸ੍ਰੀ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

**ਸੰਨ** ਈਸਵੀ ੧੬੯੯ ਦੀ ਗੱਲ ਹੈ। ਵਿਸਾਖੀ ਦਾ ਦਿਨ ਸੀ। ਅਨੰਦਪੁਰ ਸਾਹਿਬ ਅੰਦਰ ਦੇਸਾਂ ਪਰਦੇਸਾਂ ਤੋਂ ਆਏ ਗੁਰੂ ਕੇ ਸਿਖ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਸਨ। ਬੜਾ ਭਾਰਾ ਦੀਵਾਨ ਲਗ ਰਿਹਾ ਸੀ ਕਿ ਅਚਾਨਕ ਗੁਰੂ ਗੋਬਿੰਦ ਸਿੰਘ ਜੀ ਇਸ ਥਾਉਂ ਦੇ ਪਾਸ ਹੀ ਲਗੇ ਇਕ ਤੰਬੂ ਵਿਚੋਂ ਨੰਗੀ ਤਲਵਾਰ ਹੱਥ ਵਿਚ ਘੁਮਾਉਂਦੇ ਹੋਏ ਨਿਕਲ। ਗੁਰੂ ਜੀ ਦੀ ਉਮਰ ਦਾ ਉਸ ਵੇਲੇ ਭਰ ਜੋਬਨ ਸੀ, ਉਨ੍ਹਾਂ ਦੇ ਚੇਹਰੇ ਦਾ ਜਲਾਲ ਵੈਸੇ ਹੀ ਸਹਾਰਿਆ ਨਹੀਂ ਜਾਂਦਾ ਸੀ, ਪ੍ਰੰਤੂ ਜਿਸ ਰੂਪ ਅੰਦਰ ਅਜ ਆਪ ਸਿਖਾਂ ਦੇ ਸਾਮ੍ਹਣੇ ਆਏ, ਉਸ ਦੇ ਅੰਦਰ ਭੈ ਅਤੇ ਰੁਹਬ ਦਾ ਏਨਾ ਪ੍ਰਭਾਵ ਸੀ ਕਿ ਉਨ੍ਹਾਂ ਵੱਲ ਨਜ਼ਰ ਭਰ ਕੇ ਵੇਖਣਾ ਭੀ ਕਠਨ ਸੀ। ਗੁਰੂ ਜੀ ਆਪਣੀ ਅਜਿਹੀ ਦਸ਼ਾ ਅੰਦਰ ਦੀਵਾਨ ਦੇ ਵਿਚਾਲੇ ਆ ਕੇ ਖੜੇ ਹੋ ਗਏ ਅਤੇ ਉਚੀ ਆਵਾਜ਼ ਵਿਚ ਕਿਹਾ, ਮੈਨੂੰ ਅਜ ਸਿਖ ਦਾ ਸਿਰ ਚਾਹੀਦਾ ਹੈ। ਕੋਈ ਹੈ ਜੋ ਮੇਰੀ ਇਸ ਤਲਵਾਰ ਹੇਠ ਆਪਣਾ ਸਿਰ ਰਖੇ?

ਇਹ ਬੜੀ ਅਨੋਖੀ ਤੇ ਅਚਰਜ ਮੰਗ ਸੀ। ਸਭ ਲੋਕ ਠਠੰਬਰ ਗਏ। ਸਾਰੇ ਦੀਵਾਨ ਵਿਚ ਸੱਨਾਟਾ ਛਾ ਗਿਆ, ਲੋਕੀ ਇਤਨੇ ਸਹਿਮੇ ਤੇ ਭੈ-ਭੀਤ ਹੋਏ ਕਿ ਸਿਰ ਉਚਾ ਕਰਿ, ਗੁਰੂ ਜੀ ਵੱਲ ਵੇਖ ਭੀ ਨਾ ਸਕੇ। ਗੁਰੂ ਜੀ ਨੇ ਇਕ ਵਰ ਫੇਰ ਆਵਾਜ਼ ਦਿਤੀ 'ਕੀ ਮੇਰਾ ਕੋਈ ਸਿਖ ਨਹੀਂ ਜੋ ਆਪਣੇ ਖ਼ੂਨ ਨਾਲ ਅਜ ਮੇਰੀ ਤਿਹਾਈ ਤਲਵਾਰ ਦੀ ਪਿਆਸ ਬੁਝਾਵੇ?'

ਹੁਣ ਸੰਗਤ ਵਿਚੋਂ ਇਕ ਮਨੁਖ ਉਠਿਆ। ਇਸ ਦਾ ਨਾਉਂ ਦਇਆ ਰਾਮ ਤੇ ਇਹ ਲਾਹੌਰ ਦਾ ਰਹਿਣ ਵਾਲਾ ਖਤਰੀ ਸੀ। ਇਸ ਹੱਥ ਜੋੜੇ ਹੋਏ ਅਤੇ ਸਿਰ ਝੁਕਾਇਆ ਹੋਇਆ ਸੀ। ਉਹ ਬੋਲਿਆ, 'ਸਚੇ ਪਾਤਸ਼ਾਹ, ਦਾਸ ਹਾਜ਼ਰ ਹੈ, ਜੇਕਰ ਆਪ ਦੀ ਤਲਵਾਰ ਇਸ ਦੇ ਸੀਸ ਤੇ ਚਲੇ ਤਾਂ ਇਸ ਦੇ ਧੰਨ ਭਾਗ ਹੋਣਗੇ।' ਗੁਰੂ ਜੀ ਉਸ ਨੂੰ ਬਾਹੋਂ ਪਕੜ ਉਸ ਤੰਬੂ ਦੇ ਅੰਦਰ ਲੈ ਗਏ ਜਿਥੋਂ ਨਿਕਲ ਕੇ ਆਪ ਦੀਵਾਨ ਵਿਚ ਆਏ ਸਨ।

ਹੁਣ ਅੰਦਰੋਂ ਇਕ ਜ਼ੋਰ ਦੇ ਝਟਕੇ ਦੀ ਆਵਾਜ਼ ਆਈ, ਤੰਬੂ ਹੇਠੋਂ ਖ਼ੂਨ ਵਹਿ ਨਿਕਲਿਆ ਅਤੇ ਉਸੇ ਪਲ ਗੁਰੂ ਜੀ ਲਹੂ ਭਰੀ ਤਲਵਾਰ ਹੱਥ ਵਿਚ ਲਈ ਫਿਰ ਬਾਹਰ ਆਏ। ਆਪ ਦੇ ਚੇਹਰੇ ਤੇ ਪਹਿਲੇ ਤੋਂ ਭੀ ਜ਼ਿਆਦਾ ਜਲਾਲ ਸੀ ਅਤੇ ਹੋਰ ਵਧੇਰੇ ਰੋਹ ਭਰੀ ਆਵਾਜ਼ ਵਿਚ ਆਪ ਨੇ ਮੁੜ ਕਿਹਾ, 'ਇਕ ਹੋਰ ਸਿਖ ਦੇ ਸਿਰ ਦੀ ਲੋੜ ਹੈ।' ਇਸ ਭਿਆਨਕ ਦ੍ਰਿਸ਼ ਅਤੇ ਹੋਰ ਸਿਰ ਦੀ ਮੰਗ ਨੇ ਲੋਕਾਂ ਨੂੰ ਬਹੁਤਾ ਹੀ ਭੈ-ਭੀਤ ਕਰ ਦਿਤਾ ਅਤੇ ਲਗੇ ਇਕ ਦੂਸਰੇ ਦਾ ਉਹਲਾ ਤੱਕਣ ਤੇ ਆਪਣਾ ਆਪ ਲੁਕਾਉਣ। ਪਰ ਇਨ੍ਹਾਂ ਵਿਚੋਂ ਹੀ ਇਕ ਹੋਰ ਮਨੁਖ ਉਠ ਖੜਾ ਹੋਇਆ ਅਤੇ ਉਸ ਨੇ ਆਪਣਾ ਸਿਰ ਗੁਰੂ ਜੀ ਦੇ ਸਾਮ੍ਹਣੇ ਝੁਕਾ ਦਿਤਾ। ਇਸ ਦਾ ਨਾਉਂ ਧਰਮ ਦਾਸ ਤੇ ਇਹ ਹਸਤਨਾਪੁਰ ਦਾ ਰਹਿਣ ਵਾਲਾ ਜੱਟ ਸੀ। ਗੁਰੂ ਜੀ ਇਸ ਨੂੰ ਭੀ ਪਹਿਲੇ ਦੀ ਤਰ੍ਹਾਂ ਤੰਬੂ ਦੇ ਅੰਦਰ ਲੈ ਗਏ। ਇਕ ਹੋਰ ਝਟਕੇ ਦੀ ਆਵਾਜ਼ ਆਈ, ਖ਼ੂਨ ਦਾ ਹੋਰ ਤਾਜ਼ਾ ਰੋਹੜ ਵਹਿ ਨਿਕਲਿਆ ਅਤੇ ਗੁਰੂ ਜੀ ਓਹੀ ਲਹੂ ਟਪਕਦੀ ਤਲਵਾਰ ਹੱਥ ਵਿਚ ਲਈ ਮੁੜ ਨਿਕਲੇ ਅਤੇ ਫਿਰ ਹੋਰ ਸਿਰ ਦੀ ਮੰਗ ਦੁਹਰਾਈ। ਡਰੇ ਹੋਏ ਲੋਕ ਹੁਣ ਹਉਲੀ ਹਉਲੀ ਦੀਵਾਨ ਵਿਚੋਂ ਖਿਸਕਣੇ ਸ਼ੁਰੂ ਹੋ ਗਏ ਅਤੇ ਆਪੋ ਵਿਚ ਕਹਿਣ ਲਗੇ, 'ਪਤਾ ਨਹੀਂ ਗੁਰੂ ਜੀ ਨੂੰ ਕੀ ਹੋ ਗਿਆ ਹੈ, ਇਹ ਆਪਣੇ ਸਿੱਖਾਂ ਨੂੰ ਆਪ ਹੀ ਮਾਰਨ ਲਗ ਗਏ ਹਨ, ਆਦਿ।' ਦੀਵਾਨ ਅੰਦਰ ਭਾਵੇਂ ਬਹੁਤ ਘਬਰਾਹਟ ਫੈਲ ਗਈ ਸੀ ਪ੍ਰੰਤੂ ਇਸ ਤੀਜੀ ਵਾਰ ਦੀ ਆਵਾਜ਼ ਤੇ ਮੁੜ ਇਕ ਸਿਖ ਉਠਿਆ, ਜਿਸ ਨੇ ਦੋਹਾਂ ਵਾਂਗ ਹੀ ਸਿਰ ਪੇਸ਼ ਕੀਤਾ। ਇਸ ਦਾ ਨਾਉਂ ਹਿੰਮਤ ਚੰਦ ਤੇ ਇਹ ਜਗਨਨਾਥਪੁਰੀ ਦੇ ਰਹਿਣ ਵਾਲਾ ਝੀਊਰ ਸੀ। ਇਸ ਨਾਲ ਭੀ ਓਹੋ



www.AKJ.Org

ਸਲੂਕ ਹੋਇਆ। ਤੰਬੂ ਦੇ ਅੰਦਰੋਂ ਓਹੋ ਆਵਾਜ਼, ਓਹੋ ਖ਼ੂਨ ਦੇ ਵਹਿਣ ਵਗੇ, ਪਰ ਹਾਲਾਂ ਬਸ ਨਹੀਂ। ਗੁਰੂ ਜੀ ਦੀ ਲਹੂ-ਲੁਹਾਨ ਤਲਵਾਰ ਮੁੜ ਉਸੇ ਤਰ੍ਹਾਂ ਘੁੰਮਦੀ ਲੋਕਾਂ ਨੇ ਤਕੀ ਅਤ ਹੁਣ ਤਾਂ ਖੁਲ੍ਹੇ ਤੌਰ ਤੇ ਕਈਆਂ ਨੇ ਕਹਿਣਾ ਸ਼ੁਰੂ ਕਰ ਦਿਤਾ ਕਿ ਗੁਰੂ ਜੀ ਦੀਵਾਨੇ ਹੋ ਗਏ ਹਨ। ਕਈਆਂ ਨੇ ਮਾਤਾ ਜੀ ਪਾਸ ਗੁਰੂ ਜੀ ਦੇ ਇਸ ਕਰਤੱਵ ਦੀ ਸ਼ਿਕਾਇਤ ਜਾ ਕੀਤੀ। ਪ੍ਰੰਤੂ ਗੁਰੂ ਸਾਹਿਬ ਨੇ ਫਿਰ ਸਿਖਾਂ ਤਾਈਂ ਵੰਗਾਰਿਆ ਅਤੇ ਹੋਰ ਸਿਰ ਭੇਟ ਕਰਨ ਲਈ ਸੱਦਾ ਦਿੱਤਾ।

ਭਾਵੇਂ ਸੰਗਤ ਅੰਦਰ ਬਹੁਤ ਡਰ ਛਾ ਚੁਕਾ ਸੀ ਅਤੇ ਇਹੋ ਪ੍ਰਤੀਤ ਹੁੰਦਾ ਸੀ ਕਿ ਹੁਣ ਕੋਈ ਆਦਮੀ ਨਹੀਂ ਉਠੇਗਾ, ਪ੍ਰੰਤੂ ਫਿਰ ਭੀ ਇਕ ਸਿਖ ਉਠਿਆ, ਜਿਸ਼ ਨੇ ਅਤਿ ਗਰੀਬੀ ਤੇ ਨਿੰਮ੍ਰਤਾ ਨਾਲ ਆਪਣਾ ਆਪ ਪੇਸ਼ ਕਰਦ ਹੋਏ ਕਿਹਾ ਕਿ ਸਚੇ ਪਾਤਸ਼ਾਹ, ਇਹ ਸਿਰ ਤਾਂ ਆਪ ਦਾ ਹੀ ਹੈ, ਜਦੋਂ ਅਤੇ ਜਿਵੇਂ ਚਾਹੋ ਇਸ ਨੂੰ ਵਰਤੋ। ਇਸ ਦਾ ਨਾਮ ਮੁਹਕਮ ਚੰਦ ਅਤੇ ਇਹ ਦੁਆਰਕਾ ਦਾ ਰਹਿਣ ਵਾਲਾ ਛੀਂਬਾ ਸੀ।

ਗੁਰੂ ਜੀ ਸਿਖ ਦੇ ਇਸ ਬਚਨ ਤੇ ਪ੍ਰਸੰਨ ਹੋਏ, ਪ੍ਰੰਤੂ ਇਸ ਨੂੰ ਭੀ ਪਹਿਲਿਆਂ ਵਾਂਗ ਹੀ ਤੰਬੂ ਦੇ ਅੰਦਰ ਲੈ ਗਏ। ਉਹੀ ਭਾਣਾ ਵਰਤਾਇਆ, ਜੋ ਪਹਿਲੋਂ ਵਰਤਿਆ ਸੀ। ਤੰਬੂ ਵਿਚੋਂ ਦੀ ਆਵਾਜ਼ ਅਤੇ ਗੁਰੂ ਜੀ ਦੀ ਤਲਵਾਰ ਤੋਂ ਵਗ ਰਹੇ ਖ਼ੂਨ ਦੇ ਦ੍ਰਿਸ਼ ਬਹੁਤ ਭਿਆਨਕ ਸਨ, ਪਰ ਇਨ੍ਹਾਂ ਤੋਂ ਭੀ ਜ਼ਿਆਦਾ ਭੈ-ਭੀਤ ਕਰਨ ਵਾਲੀ ਗੁਰੂ ਜੀ ਦੀ ਪੰਜਵੀਂ ਵੇਰ ਸਿਰ ਮੰਗਣ ਦੀ ਗਰਜਵੀਂ ਲਲਕਾਰ ਸੀ, ਜਿਸ ਨੂੰ ਸੁਣ ਕੇ ਕਚੇ ਪਿੱਲੇ ਲੋਕ ਦੀਵਾਨ ਤੋਂ ਪਤਰਾ ਵਾਚ ਗਏ ਅਤੇ ਗੁਰੂ ਜੀ ਦੇ ਬਾਰੇ ਜੋ ਕੁਝ ਕਿਸੇ ਦੇ ਮੂੰਹ ਆਇਆ, ਕਹੀ ਗਿਆ। ਭੈ ਇਤਨਾ ਛਾ ਚੁਕਾ ਸੀ ਕਿ ਖ਼ਿਆਲ ਸੀ ਕਿ ਹੁਣ ਤਾਂ ਸ਼ਾਇਦ ਕੋਈ ਆਦਮੀ ਸਿਰ ਦੇਣ ਲਈ ਨਹੀਂ ਉਠੇਗਾ। ਪਰ ਇਕ ਬੰਨਿਓਂ ਇਕ ਹੋਰ ਸਿਖ ਉਠਿਆ ਅਤੇ ਬੜੀ ਨਿਰਮਾਣਤਾ ਨਾਲ 'ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ (੧੩੭੫)' ਕਹਿੰਦੇ ਹੋਏ ਸਿਰ ਨੀਵਾਂ ਕਰ ਦਿਤਾ। ਇਸ ਦਾ ਨਾਮ ਸਾਹਿਬ ਚੰਦ ਸੀ ਅਤੇ ਇਹ ਬਿਦਰ ਦਾ ਵਸਨੀਕ ਨਾਈ ਜਾਤੀ ਵਿਚੋਂ ਸੀ। ਗੁਰੂ ਜੀ ਇਸ ਨੂੰ ਭੀ ਤੰਬੂ ਅੰਦਰ ਲੈ ਗਏ। ਝਟਕੇ ਦੀ ਆਵਾਜ ਪਹਿਲੋਂ ਨਾਲੋਂ ਭੀ ਜ਼ੋਰ ਦੀ ਹੋਈ ਅਤੇ ਖ਼ੂਨ ਦੇ ਨਾਲੇ ਵਹਿ ਤੁਰੇ।

ਹੁਣ ਕੁਝ ਸਮਾਂ ਗੁਰੂ ਜੀ ਤੰਬੂ ਤੋਂ ਬਾਹਰ ਨਹੀਂ ਆਏ। ਅੰਦਰ ਜੋ ਖੇਡਾਂ ਆਪ ਨੇ ਖੇਡੀਆਂ ਅਤੇ ਜੋ ਭਾਣੇ ਵਰਤ ਏ, ਇਨ੍ਹਾਂ ਨੂੰ ਉਹ ਆਪ ਹੀ ਜਾਣਦੇ ਹਨ। ਜਦੋਂ ਗੁਰੂ ਜੀ ਦੇ ਸੰਗਤਾਂ ਨੂੰ ਮੁੜ ਦਰਸ਼ਨ ਹੋਏ ਤਾਂ ਅਤਿ ਸੁੰਦਰ ਕੇਸਰੀ ਬਾਣੇ ਅੰਦਰ ਜਿਗ੍ਹਾ ਕਲਗੀ ਸਮੇਤ, ਦਈ ਸਰੂਪ, ਸ਼ਸਤਰ-ਧਾਰੀ, ਮਹਾਂ ਬਲੀ ਸੂਰਮੇ ਰੱਬੀ ਜਾਹੋ ਜਲਾਲ ਵਾਲੇ 'ਗੁਰੂ ਨਾਨਕ ਦੇਵ ਗੋਬਿੰਦ ਰੂਪ' ਦਿਖਾਈ ਦੇਂਦੇ ਹਨ। ਆਪ ਦੇ ਪਿਛੇ ਉਹ ਪੰਜ ਸਿਖ, ਜਿਨ੍ਹਾਂ ਨੂੰ ਆਪ ਵਾਰੀ ਵਾਰੀ ਅੰਦਰ ਲੈ ਗਏ ਸਨ, ਉਨ੍ਹਾਂ ਵਾਲੇ ਕੇਸਰੀ ਬਾਣੇ ਅੰਦਰ ਤੇ ਸ਼ਸਤਰ-ਧਾਰੀ ਗੁਰਮੁਖੀ ਦ੍ਰਿਸ਼ ਪੇਸ਼ ਕਰ ਰਹੇ ਹਨ।

ਪਹਿਲਾ ਮੌਤ ਵਾਲਾ ਭਿਆਨਕ ਦ੍ਰਿਸ਼ ਚਾਵਾਂ ਮਲ੍ਹਾਰਾਂ ਵਾਲੇ ਕੇਸਰੀ ਰੂਪ ਅੰਦਰ ਪਲਟਿਆ ਵੇਖ ਘਬਰਾਏ ਹੋਏ ਲੋਕਾਂ ਅੰਦਰ ਮੁੜ ਜਾਨ ਪਈ ਅਤੇ ਜਿਉਂ ਜਿਉਂ ਇਸ ਦਾ ਪਤਾ ਲਗਦਾ ਗਿਆ, ਜੋ ਲੋਕ ਦੀਵਾਨ ਨੂੰ ਛਡ ਨਠੇ ਸਨ, ਵਾਪਸ ਆਉਣੇ ਸ਼ੁਰੂ ਹੋ ਗਏ ਤੇ ਦੀਵਾਨ-ਅਸਥਾਨ ਵਿਚ ਮੁੜ ਪਹਿਲਾਂ ਵਾਂਗ ਹੀ ਗਹਿਮਾ ਗਹਿਮ ਹੋ ਗਈ।

ਹੁਣ ਗੁਰੂ ਜੀ ਨੇ ਇਕ ਲੋਹੇ ਦਾ ਬਾਟਾ ਤੇ ਖੰਡਾ ਲਿਆ। ਬਾਟੇ ਵਿਚ ਕੁਝ ਜਲ ਪਾਇਆ ਅਤੇ ਇਸ ਵਿਚ ਖੰਡਾ ਫਰਦੇ ਹੋਏ ਅਕਾਲੀ ਬਾਣੀ ਜਪੁਜੀ ਸਾਹਿਬ, ਜਾਪ ਸਾਹਿਬ, ਸੁਧਾ ਸਵਈਏ, ਚੌਪਈ ਅਤੇ ਅਨੰਦ ਸਾਹਿਬ ਦਾ ਸੁਰੀਲੇ ਸ਼ਬਦਾਂ ਅੰਦਰ ਉਚਾਰਨ ਕੀਤਾ। ਮਾਤਾ ਸਾਹਿਬ ਦੇਵਾਂ ਜੀ ਨੇ ਗੁਰਬਾਣੀ ਨਾਲ ਅਮਰ ਕੀਤੇ ਬਾਟੇ ਵਾਲੇ ਜਲ ਵਿਚ ਪਤਾਸੇ ਪਾ ਕੇ ਇਸ ਨੂੰ ਦੈਵੀ ਮਿਠਾਸ ਦਾ ਗੁਣ ਬਖਸ਼ਿਆ ਅਤੇ ਇਸ ਤਰ੍ਹਾਂ ਅੰਮ੍ਰਿਤ ਤਿਆਰ ਹੋਇਆ, ਜੋ ਗੁਰੂ ਜੀ ਨੇ ਆਪਣੀ ਹਥੀਂ ਉਨ੍ਹਾਂ ਪੰਜਾਂ ਸਿਖਾਂ ਨੂੰ, ਜਿਨ੍ਹਾਂ ਆਪਣੇ ਸੀਸ ਗੁਰੂ ਜੀ ਦੀ ਭੇਟ ਕੀਤੇ ਸਨ, ਛਕਾਇਆ। ਅੰਮ੍ਰਿਤ ਦੇ ਹਰ ਚੁਲੇ ਨਾਲ ਗੁਰੂ ਜੀ ਬੋਲਦੇ, 'ਕਹੁ ਵਾਹਿਗੁਰੂ



www.AKJ.Org

ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਅਤੇ ਅੰਮ੍ਰਿਤ ਛਕਣ ਵਾਲਾ ਸਿਖ ਗਜ ਕੇ ਕਹਿੰਦਾ, 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ'। ਇਉਂ ਇਕੋ ਬਾਟੇ ਵਿਚੋਂ ਖੰਡੇ ਦਾ ਅੰਮ੍ਰਿਤ ਛਕਾਉਂਦੇ ਹੋਏ ਗੁਰੂ ਜੀ ਨੇ ਇਨ੍ਹਾਂ ਦਾ ਨਾਮ ਦਇਆ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੁਹਕਮ ਸਿੰਘ ਅਤੇ ਸਾਹਿਬ ਸਿੰਘ ਰਖਿਆ ਅਤੇ ਇਨ੍ਹਾਂ ਨੂੰ ਪੰਜ 'ਪਿਆਰੇ' ਕਹਿੰਦੇ ਹੋਏ ਇਉਂ ਸੰਬੋਧਨ ਕੀਤਾ :

ਸੰਸਾਰ ਅੰਦਰ ਜਿੰਦ ਸਭ ਤੋਂ ਪਿਆਰੀ ਚੀਜ਼ ਹੈ ਅਤੇ ਮੌਤ ਸਭ ਤੋਂ ਡਰਾਉਣੀ, ਪਰ ਤੁਸੀਂ ਆਪਣੇ ਆਪਣੇ ਸੀਸ ਗੁਰੂ ਦੇ ਭੇਟ ਕਰਕੇ ਸਾਬਤ ਕਰ ਦਿਤਾ ਹੈ ਕਿ ਤੁਹਾਡੇ ਅੰਦਰ ਨਾ ਮੌਤ ਦਾ ਕੋਈ ਡਰ ਹੈ ਅਤੇ ਨਾ ਜਾਨ ਦਾ ਪਿਆਰ। ਤੁਹਾਨੂੰ ਗੁਰੂ ਦੀ ਆਗਿਆ ਪਾਲਣ ਤੋਂ ਹੁਣ ਕੌਣ ਰੋਕ ਸਕਦਾ ਹੈ ? ਆਪਣੇ ਇਸ਼ਟ-ਗੁਰੂ ਦੇ ਹੁਕਮ ਅੰਦਰ ਰਹਿੰਦੇ ਹੋਏ ਦੁਨੀਆ ਦੇ ਸਾਰੇ ਡਰਾਂ ਵਲੋਂ ਨਿਰਭੈ ਹੋ ਜਾਣਾ ਮਨੁਖ ਦਾ ਸਭ ਤੋਂ ਸ੍ਰੇਸ਼ਟ ਗੁਣ ਹੈ, ਜੋ ਤੁਸੀਂ ਪਾਇਆ ਹੈ, ਜਿਸ ਲਈ ਮੈਂ ਤੁਸਾਡੇ ਪਰ ਬਹੁਤ ਖ਼ੁਸ਼ ਹਾਂ। ਜਦ ਤੁਸੀਂ ਆਪਣਾ ਆਪ ਇਸ਼ਟ-ਗੁਰੂ ਦੀ ਤਲਵਾਰ ਦੇ ਭੇਟ ਕਰ ਦਿਤਾ ਤਾਂ ਤੁਹਾਡੇ ਪਿਛਲੇ ਜਨਮ ਦੇ ਸਾਰੇ ਕਰਮ ਧਰਮ, ਜ਼ਾਤ ਪਾਤ, ਨਾਮ ਠਾਮ ਤੇ ਵਰਨ ਖ਼ਤਮ ਹੋ ਗਏ ਅਤੇ ਹੁਣ ਤੁਹਾਡਾ ਨਵਾਂ ਜਨਮ ਗੁਰੂ ਨਾਨਕ ਦੇ ਘਰ ਹੋਇਆ ਹੈ, ਜਿਸ ਘਰ ਨੂੰ ਅਕਾਲ ਪੁਰਖ ਗੁਰਦੇਵ ਵਲੋਂ ਇਹ ਸੌਂਪਣਾ ਕੀਤੀ ਗਈ ਹੈ ਕਿ :

ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨ ਪਕਰਿ ਪਛਾਰੋ ॥੪੨॥

ਬਚਿਤ੍ਰ ਨਾਟਕ, ਅਧਿ: ੬

ਸੋ ਸੰਸਾਰ ਅੰਦਰ ਧਰਮ ਨੂੰ ਪ੍ਰਚੁਰ ਕਰਨ ਅਤੇ ਧਰਮ ਦੇ ਦੋਖੀਆਂ ਨੂੰ ਪਛਾੜਨਾ ਤੁਹਾਡੇ ਜੀਵਨ ਦਾ ਅਸਲ ਮਨੋਰਥ ਹੈ। ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥੪੩॥ [ਅਧਿ: ੬

ਹੁਣ ਮੈਂ ਤੁਸਾਨੂੰ ਆਪਣੇ ਰੂਪ ਵਿਚ ਢਾਲਿਆ ਹੈ। ਤੁਸੀਂ ਅਜ ਤੋਂ ਮੇਰਾ ਰੂਪ ਹੋਏ ਹੋ, ਮੇਰਾ ਰੂਪ ਤਹਾਡਾ ਰੂਪ ਹੈ, ਮੇਰਾ ਕਰਮ ਤਹਾਡਾ ਕਰਮ। ਮੇਰਾ ਧਰਮ, ਮੇਰੀ ਰਹਿਣੀ ਤੇ ਮੇਰਾ ਜੀਵਨ ਤੁਸਾਡਾ ਜੀਵਨ ਹੋਵੇਗਾ।

ਤੁਸਾਂ ਅੰਮ੍ਰਿਤ ਛਕਿਆ ਹੈ, ਸਿਖ ਤੋਂ ਸਿੰਘ ਹੋਏ ਹੋ, ਤੁਸੀਂ ਮੇਰੇ ਵਾਹਿਗੁਰੂ ਦੇ ਖਾਲਸਾ ਹੋ। ਹਾਂ, ਇਹ ਅੰਮ੍ਰਿਤ ਦੀ ਦਾਤਿ ਪਾ ਕੇ ਤੁਸੀਂ ਅਮਰ ਖਾਲਸਾ ਹੋਏ ਹੋ, ਤੁਸੀਂ ਦਾਤਿ ਵੰਡੋਗੇ ਅਤੇ ਤੁਸਾਂ ਤੋਂ ਖਾਲਸਾ ਵਧੇਗਾ, ਫੂਲੇਗਾ, **ਖਾਲਸਾ ਇਕ ਤੋਂ ਅਨੇਕ ਹੋਏਗਾ ਪ੍ਰੰਤੂ ਤਦੋਂ, ਜਦੋਂ ਖਾਲਸਾ ਖਾਲਸਾ ਰਹੇਗਾ, ਜਦੋਂ ਖਾਲਸਾ ਜਾਗਤ ਜੋਤਿ ਵਾਹਿਗੁਰੂ ਦੇ ਪਿਆਰ ਵਿਚ ਵਿਚਰੇਗਾ,** ਉਸ ਤੋਂ ਬਿਨਾਂ ਕਿਸ ਹੋਰ ਦੇਵੀ ਦੇਵਤੇ, ਗੋਰ, ਮੜ੍ਹੀ, ਮਠ, ਤੀਰਥ ਨੂੰ ਨਹੀਂ ਮੰਨੇਗਾ। ਭਰੋਸਾ ਇਕ ਅਕਾਲ ਤੇ, ਓਟ ਗੁਰੂ ਦੀ ਅਤੇ ਨਿਸਚਾ ਵਾਹਿਗੁਰੂ ਦੀ ਬਖਸ਼ੀ ਸਮਰੱਥਾ ਤੇ ਰਖੇਗਾ। ਅਕਾਲ ਤੋਂ ਬਿਨਾਂ ਡਰ ਕਿਸੇ ਦਾ ਨਹੀਂ ਮੰਨੇਗਾ। ਦੁਖ ਸੁਖ ਨੂੰ ਹੁਕਮ ਦੀ ਖੇਡ ਜਾਣਦਾ ਹੋਇਆ ਸਦਾ ਖੇੜੇ ਵਿਚ ਵਸੇਗਾ। ਬਲਵਾਨ ਹੋਏਗਾ, ਬੁਜ਼ਦਿਲ ਨਹੀਂ ਹੋਏਗਾ।

ਖਾਲਸਾ ਮੇਰੋ ਰੂਪ ਹੈ ਖ਼ਾਸ। ਖਾਲਸੇ ਮਹਿ ਹਉ ਕਰਉ ਨਿਵਾਸ ॥

ਖਾਲਸੇ ਦੀ ਪਛਾਣ ਮੇਰੇ ਰੂਪ ਤੋਂ ਹੋਏਗੀ ਸਿਰ ਪਰ ਸੋਹਣੇ ਕੇਸ ਦਸਤਾਰ, ਚੇਹਰੇ ਪਰ ਗੁਰਮੁਖੀ ਦਾੜ੍ਹਾ, ਕੰਘਾ, ਕ੍ਰਿਪਾਨ, ਕੜਾ ਅਤੇ ਕਛਹਿਰਾ ਦੀ ਰਹਿਤ ਅਤੇ ਗੁਰਬਾਣੀ ਦਾ ਨਿਤਨੇਮੀ। ਮੇਰਾ ਸਿਖ ਚਾਰ ਬਜਰ ਕੁਰਹਿਤਾਂ ਤੋਂ ਹਮੇਸ਼ਾ ਬਚੇਗਾ, ਅਥਵਾ, ਕੇਸ, ਦਾੜ੍ਹੀ ਤੇ ਰੋਮਾਂ ਦੀ ਬੇਅਦਬੀ ਨਹੀਂ ਕਰੇਗਾ ਅਤੇ ਪਰ-ਪੁਰਖ ਤਥਾ ਪਰ-ਇਸਤ੍ਰੀ ਦਾ ਸੰਗ ਨਹੀਂ ਕਰੇਗਾ, ਤਮਾਕੂ ਦੀ ਵਰਤੋਂ ਅਤੇ ਕੁਠਾ ਮਾਸ ਭੁੱਲ ਕੇ ਭੀ ਨਹੀਂ ਵਰਤੇਗਾ। ਆਪਣੇ ਆਪ ਨੂੰ ਖਾਲਸਾ ਫੌਜ ਦਾ ਸਿਪਾਹੀ ਜਾਣ ਕੇ, ਇਸ ਦੀ ਵਰਦੀ ਅੰਦਰ ਤ੍ਰੈਕਾਲ ਤਤਪਰ ਰਹੇਗਾ ਅਤੇ ਧਰਮ ਦੀ ਕਿਰਤ ਕਰ ਕੇ ਵੰਡ ਛਕੇਗਾ।

ਤੁਸਾਂ ਪੰਜਾਂ ਨੇ ਆਪਣੇ ਸੀਸ ਮੇਰੀ ਭੇਟ ਕਰਕੇ ਅੰਮ੍ਰਿਤ ਛਕਿਆ ਹੈ। ਤੁਸੀਂ ਮੇਰੇ ਪਿਆਰੇ ਹੋ। ਹੋਰ ਭੀ ਜੇ ਕੋਈ, ਖਾਲਸਾ ਫੌਜ ਦੇ ਜ਼ਬਤ ਨੂੰ ਧਾਰਨ ਕਰੇਗਾ, ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕੇਗਾ, ਉਸ ਪਰ ਮੇਰੀ ਖੁਸ਼ੀ ਹੋਵੇਗੀ। ਉਸ ਦੀ ਪਿਛਲੀ ਜ਼ਾਤ-ਪਾਤ ਤੇ ਜਨਮ-ਕਰਮ ਮਿਟ ਜਾਣਗੇ। ਉਹ ਵਾਹਿਗੁਰੂ ਜੀ ਦਾ ਖਾਲਸਾ



www.AKJ.Org

ਹੋਏਗਾ ਅਤੇ ਮੇਰੇ ਘਰ ਦਾ ਸਾਂਝੀਵਾਲ ਹੋਵੇਗਾ, **ਪ੍ਰੰਤੂ ਜੋ ਖਾਲਸਾ ਹੁੰਦਾ ਹੋਇਆ ਕਿਸੇ ਕੁਰਹਿਤ ਦਾ ਭਾਗੀ ਹੋਏਗਾ, ਉਹ ਖਾਲਸਾ ਫ਼ੌਜ ਵਿਚੋਂ ਖ਼ਾਰਜ ਹੋਏਗਾ।**

ਆਓ, ਜਿਸ ਕਿਸੇ ਮੇਰੀ ਅਮਰ ਖਾਲਸਾ ਫੌਜ ਵਿਚ ਸ਼ਾਮਲ ਹੋਣਾ ਹੈ, ਉਹ ਮੇਰਾ ਰੂਪ ਧਾਰਨ ਕਰੇ, ਪੰਜ ਪਿਆਰਿਆਂ ਪਾਸੋਂ ਖੰਡੇ ਦਾ ਅੰਮ੍ਰਿਤ ਛਕੇ ਅਤੇ ਵਾਹਿਗੁਰੂ ਦਾ ਖਾਲਸਾ ਬਣੇ।

ਮੈਂ ਭੀ ਵਾਹਿਗੁਰੂ ਜੀ ਦਾ ਖਾਲਸਾ ਬਣਿਆ ਚਾਹੁੰਦਾ ਹਾਂ ਤਾਂ ਕਿ ਖਾਲਸੇ ਅਤੇ ਮੇਰੇ ਵਿਚ ਕੋਈ ਭਿੰਨ-ਭੇਦ ਨ ਰਹੇ। ਮੇਰੀ ਭੀ ਇਛਾ ਹੈ ਕਿ ਇਸ ਰੱਬੀ ਦਾਤਿ ਅੰਮ੍ਰਿਤ ਤੋਂ ਮੈਂ ਵਰੋਸਾਇਆ ਜਾਵਾਂ। ਇਹ ਦਾਤਿ ਬਖਸ਼ਣ ਦੀ ਸਮਰੱਥਾ ਸਤਿਗੁਰੂ ਨੂੰ ਅਤੇ ਗੁਰੂ ਕੇ ਪੰਜਾਂ ਪਿਆਰਿਆਂ ਨੂੰ ਹੈ। ਸੋ, ਖਾਲਸਾ ਸਜੇ ਪੰਜ ਪਿਆਰਿਓ, ਇਹ ਅੰਮ੍ਰਿਤ ਦੀ ਦਾਤਿ ਮੈਨੂੰ ਭੀ ਬਖਸ਼ੋ।

ਇਤਨਾ ਕਹਿ ਕੇ ਗੁਰੂ ਜੀ ਆਪ ਪੰਜਾਂ ਪਿਆਰਿਆਂ ਦੇ ਸਨਮੁਖ ਗੋਡਿਆਂ ਪਰਨੇ ਹੋ ਕੇ ਉਨ੍ਹਾਂ ਪਾਸੋਂ ਅੰਮ੍ਰਿਤ ਮੰਗਣ ਲਗੇ। ਇਹ ਅਜੀਬ ਕਉਤਕ ਸੀ। ਜੋ ਗੁਰੂ ਇਸ ਸਮੇਂ ਤੋਂ ਪਹਿਲੋਂ ਆਪ ਪੰਜਾਂ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਰਿਹਾ ਸੀ, ਉਹ ਆਪ ਉਹਨਾਂ ਹੀ ਪੰਜਾਂ ਪਾਸੋਂ ਅੰਮ੍ਰਿਤ ਦੀ ਮੰਗ ਕਰ ਰਿਹਾ ਹੈ। ਇਹ ਗੱਲ ਨਿਰਾ ਗੁਰੂ ਗੋਬਿੰਦ ਸਿੰਘ ਜੀ ਦੀ ਨਿਰਮਾਣਤਾ ਦਾ ਹੀ ਇਕ ਵਡਾ ਸਬੂਤ ਨਹੀਂ, ਬਲਕਿ ਆਪ ਦਾ ਇਹ ਕਰਤੱਵ ਨਿਸਚੇ ਤੌਰ ਤੇ ਇਹ ਦ੍ਰਿੜ੍ਹ ਕਰਾਉਂਦਾ ਹੈ ਕਿ—

(੧) ਅੰਮ੍ਰਿਤ ਇਕ ਅਜਿਹਾ ਮਹਾਨ ਅਤੇ ਦੈਵੀ ਪਦਾਰਥ ਹੈ, ਜਿਸ ਦਾ ਛਕਣਾ ਕੇਵਲ ਸਿਖ ਲਈ ਹੀ ਜ਼ਰੂਰੀ ਨਹੀਂ, ਬਲਕਿ ਗੁਰੂ ਜੀ ਆਪ ਭੀ ਇਸ ਦਾ ਛਕਣਾ ਜ਼ਰੂਰੀ ਸਮਝਦੇ ਸਨ।

(੨) ਗੁਰੂ ਜੀ ਦੇ ਮਨ ਅੰਦਰ ਖ਼ਾਲਸਾ ਤਥਾ ਸਿੰਘ ਹੋਣ ਦੀ ਇਤਨੀ ਵਡਿਆਈ ਹੈ ਕਿ ਗੁਰੂ ਜੀ ਆਪ ਸਿੰਘ ਬਣਨਾ ਲੋਚਦੇ ਹਨ, ਚੁਨਾਂਚਿ ਆਪ ਅੰਮ੍ਰਿਤ ਛਕਣ ਉਪ੍ਰੰਤ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ।

(੩) ਗੁਰੂ ਘਰ ਦਾ ਇਹ ਨਿਰਣਤ ਨਿਸ਼ਾਨਾ ਹੈ ਕਿ ਸਾਧਾਰਨ ਮਨੁਖ ਭੀ ਜਦੋਂ ਪੂਰਨਤਾ ਨੂੰ ਪੁਜ ਜਾਣ ਅਤੇ ਆਪਣਾ ਆਪ ਗੁਰੂ ਦੇ ਹੁਕਮ ਤੋਂ ਕੁਰਬਾਨ ਕਰ ਦੇਣ ਤਾਂ ਉਹ ਇਤਨੇ ਉਚੇ ਤੇ ਵਡੇ ਹੋ ਜਾਂਦੇ ਹਨ ਕਿ ਗੁਰੂ ਖ਼ੁਦ ਉਨ੍ਹਾਂ ਦੇ ਸਾਹਮਣੇ ਸਿਰ ਝੁਕਾ ਦੇਂਦਾ ਹੈ, ਜਿਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਦੇ ਚਰਨਾਂ ਤੇ ਸੀਸ ਝੁਕਾਇਆ ਸੀ।

(੪) ਪੂਰਨ ਹੋ ਚੁਕੇ ਮਨੁਖ, ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ 'ਪੰਚ' ਕਿਹਾ ਸੀ, ਦੀ ਸੰਗਤ ਅਥਵਾ ਪੰਜ ਪਿਆਰੇ ਗੁਰੂ ਦੇ ਤੁੱਲ ਸਮੱਰਥਾ ਰਖਦੇ ਹਨ। ਗੁਰੂ ਜੀ ਦੇ ਇਸ ਵਿਚਾਰ ਅੰਦਰ ਮੌਜੂਦਾ ਜ਼ਮਾਨੇ ਦੀ ਡੈਮੋਕਰੇਸੀ (ਗਣ-ਤੰਤਰ) ਦਾ ਅੰਕੁਰ ਛੁਪਿਆ ਹੋਇਆ ਹੈ। ਪ੍ਰੰਤੂ ਗੁਰੂ ਜੀ ਅਤੇ ਵਰਤਮਾਨ ਕਾਲ ਦੇ ਗਣ-ਤੰਤਰਾਂ ਵਿਚਾਲੇ ਇਤਨਾ ਭੇਦ ਹੈ ਕਿ ਗੁਰੂ ਜੀ ਪੂਰਨਤਾ ਨੂੰ ਪੁਜੇ ਹੋਏ ਮਨੁਖਾਂ ਦੀ ਸੰਗਤ ਨੂੰ ਸੌਂਪਣੀ ਅਧਿਕਾਰਾਂ ਦੇ ਪਾਤਰ ਸਮਝਦੇ ਹਨ। ਉਨ੍ਹਾਂ ਦੀ ਸੰਗਤ ਦੇ ਸਾਰੇ ਪ੍ਰਾਣੀਆਂ ਦਾ ਇਕ ਵਿਚਾਰ, ਇਕ ਨਿਸ਼ਾਨਾ ਤੇ ਇਕ ਮਤਾ ਹੁੰਦਾ ਹੈ, ਉਥੇ ਸਰਬ-ਸੰਮਤੀ ਹੈ, ਬਹੁ-ਸੰਮਤੀ ਦਾ ਸਵਾਲ ਹੀ ਨਹੀਂ। ਦੂਜੇ ਬੰਨੇ ਵਰਤਮਾਨ ਕਾਲ ਦੇ ਗਣ-ਤੰਤਰ ਅੰਦਰ ਸਿਰਾਂ ਦੀ ਗਿਣਤੀ ਹੈ, ਆਚਾਰ ਸ੍ਰੇਸ਼ਟਤਾ ਦਾ ਕੋਈ ਵਿਚਾਰ ਨਹੀਂ, ਸਭ ਦੇ ਮਤ ਆਪੋ ਆਪਣੇ ਹਨ ਅਤੇ ਫ਼ੈਸਲੇ ਦਾ ਅਧਾਰ ਸਚ ਝੂਠ ਨਹੀਂ, ਸਗੋਂ ਸਿਰਾਂ ਦੀ ਗਿਣਤੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਸਮੇਂ ਗੁਰ-ਗਦੀ ਸ੍ਰੀ ਗੁਰੂ ਗ੍ਰੰਥ ਜੀ ਦੇ ਤਾਬੇ ਖਾਲਸਾ ਪੰਥ ਨੂੰ ਦਿਤੀ, ਪ੍ਰੰਤੂ ਨਾਲ ਹੀ 'ਖਾਲਸਾ' ਪਦ ਦੀ ਵਿਆਖਿਆ ਇਨ੍ਹਾਂ ਸ਼ਬਦਾਂ ਅੰਦਰ ਕੀਤੀ :

ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਿਖਾਲਸ ਜਾਨੈ ॥੧॥ [ਤੇਤੀ ਸਵੱਯੇ*


www.AKJ.Org

# ਅੰਮ੍ਰਿਤ ਦੀ ਵਿਲੱਖਣਤਾ

[ਪ੍ਰਿਸੀਪਲ ਸੱਜਣ ਸਿੰਘ ਜੀ, 64-ਗੋਬਿੰਦਪੁਰੀ, ਕਾਲਕਾ ਜੀ, ਨਵੀਂ ਦਿੱਲੀ-19]

ਸੰਨ ੧੬੯੯ ਦੀ ਵੈਸਾਖੀ ਦਾ ਪੁਰਬ ਵਿਸ਼ਵ ਦੇ ਇਤਿਹਾਸ ਵਿਚ ਇਕ ਅਨੋਖਾ ਸਮਾਗਮ ਸੀ, ਜਿਸ ਨੇ ਸਿੱਖੀ ਨੂੰ ਨਾ-ਕੇਵਲ ਅਕਾਲ ਪਰਖ ਦਾ ਨਿੱਜੀ ਸੰਪੂਰਨ ਸਰੂਪ ਬਖ਼ਸ਼ਿਆ, ਬਲਕਿ ਰਹਿਣੀ, ਬਹਿਣੀ, ਕਹਿਣੀ ਤੇ ਪ੍ਰਭੂ-ਉਪਾਸ਼ਨਾ ਦਾ ਢੰਗ ਵੀ ਵੱਖਰੇ ਤੇ ਪ੍ਰਭਾਵਸ਼ਾਲੀ ਰੂਪ ਵਿਚ ਪ੍ਰਗਟ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਅੰਮ੍ਰਿਤ ਦੇ ਦਾਤੇ, ਸਿੱਖ ਧਰਮ ਦੇ ਕਰਮ ਬਿਧਾਤੇ ਨੇ ਗੁਰਮੰਤਰ ਦੇਣ ਦੀ ਚਰਨ-ਪਾਹੁਲ ਦੀ ਪਰੰਪਰਾ ਬਦਲ ਕੇ ਪੰਜਾਂ ਬਾਣੀਆਂ ਦੇ ਨਿਰੰਤਰ ਪਾਠ ਦੁਆਰਾ ਖੰਡੇ ਦਾ ਅੰਮ੍ਰਿਤ ਤਿਆਰ ਕਰ ਕੇ ਕੌਮ ਦੀ ਕਾਇਆਂ ਪਲਟ ਦਿੱਤੀ। ਹਰੇਕ ਗੁਰੂ ਦਾ ਸਿੱਖ ਅੰਮ੍ਰਿਤ ਛੱਕ ਕੇ ਸਰਬ-ਸ਼ਕਤੀਆਂ-ਸੰਪੰਨ ਖਾਲਸਾ ਕੌਮ ਦਾ ਅੰਗ ਬਣ ਗਿਆ। ਖਾਲਸੇ ਨੇ ਆਪਣੀ ਵੀਰਤਾ ਤੇ ਨਿਧੜਕਤਾ ਦੀ ਸੰਸਾਰ ਵਿਚ ਐਸੀ ਛਾਪ ਛੱਡੀ ਹੈ ਕਿ ਇਹ ਆਪਣੇ ਵੱਖਰੇ ਸਰੂਪ ਤੇ ਚੜ੍ਹਦੀ ਕਲਾ ਬਾਰੇ ਜਾਣ ਪਛਾਣ ਦਾ ਮੁਹਤਾਜ ਨਹੀਂ ਹੈ।

ਇਸ ਘਟਨਾ ਤੋਂ ਪਹਿਲਾਂ ਵੀ ਅੰਮ੍ਰਿਤ ਦੇ ਮੁਤਲਾਸ਼ੀ ਤੇ ਖੋਜੀ ਮੌਤ ਤੋਂ ਨਿਜਾਤ ਪਾਉਣ ਲਈ ਤੇ ਹਮੇਸ਼ਾ ਅਮਰ ਰਹਿਣ ਲਈ ਇਸ ਦੀ ਤਲਾਸ਼ ਕਰਦੇ ਰਹੇ। ਭਾਰਤ ਵਿਚ ਵੀ ਸੁਰ ਨਰ, ਮੁਨੀ ਜਨ ਤੇ ਦੇਵਤੇ ਅਮਰ ਪਦਵੀ ਦੀ ਪ੍ਰਾਪਤੀ ਲਈ ਤੱਪ ਸਾਧਦੇ ਰਹੇ, ਪਰ ਗੁਰਬਾਣੀ ਅਨੁਸਾਰ ਉਹ ਅਸਫ਼ਲ ਹੀ ਰਹੇ, ਕਿਉਂਕਿ ਅੰਮ੍ਰਿਤ ਦੀ ਦਾਤਿ ਅੰਮ੍ਰਿਤ ਦਾ ਦਾਤਾ ਹੀ ਪਰਦਾਨ ਕਰ ਸਕਦਾ ਹੈ—

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥੧੩॥

(ਰਾਮਕਲੀ ਮਹਲਾ ੩, ਅਨੰਦੁ—੯੧੮)

ਗਿਆਨ-ਇੰਦ੍ਰੀਆਂ ਗਿਆਨ ਪ੍ਰਾਪਤ ਵੀ ਕਰਦੀਆਂ ਹਨ ਤੇ ਗਿਆਨ ਦੇਣ ਵਿਚ ਵੀ ਸਹਾਇਤਾ ਦੇਂਦੀਆਂ ਹਨ। ਇਹ ਵਿਚਾਰਧਾਰਾ ਆਮ ਪ੍ਰਚੱਲਤ ਸੀ ਕਿ ਰਸਨਾ ਤੋਂ ਉਚਾਰੇ ਮੰਤਰ ਦੁਆਰਾ, ਅੱਖਾਂ ਦੀ ਦ੍ਰਿਸ਼ਟੀ ਦੁਆਰਾ ਤੇ ਸਰੀਰਕ ਸਪਰਸ਼ ਦੁਆਰਾ ਜਲ ਵਿਚ ਐਸੀ ਸ਼ਕਤੀ ਉਤਪੰਨ ਹੁੰਦੀ ਸੀ ਜਿਹੜੀ ਸਰੀਰਕ ਤੇ ਮਾਨਸਕ ਰੋਗਾਂ ਦੀ ਨਵਿਰਤੀ ਲਈ ਅਕਸੀਰ ਹੁੰਦੀ ਸੀ। ਭਾਵੇਂ ਮੰਤਰ ਤੇ ਸਪਰਸ਼ ਦਾ ਪ੍ਰਭਾਵ ਬਾਕੀ ਤੱਤਾਂ ਤੇ ਵੀ ਪੈਂਦਾ ਮੰਨਿਆ ਗਿਆ ਹੈ, ਪਰ ਸਭ ਤੋਂ ਵੱਧ ਪ੍ਰਭਾਵ ਜਲ ਤੇ ਪੈਂਦਾ ਪ੍ਰਤੀਤ ਹੁੰਦਾ ਹੈ। ਗੁਰਬਾਣੀ ਵਿਚ ਪ੍ਰਭੂ ਦੇ ਨਾਮ ਨੂੰ ਜਲ ਜਾਂ ਅੰਮ੍ਰਿਤ-ਜਲ ਆਖਿਆ ਗਿਆ ਹੈ—

ਅਬ ਮੋਹਿ ਜਲਤ ਰਾਮ ਜਲੁ ਪਾਇਆ ॥ ਰਾਮ ਉਦਕਿ ਤਨੁ ਜਲਤ ਬੁਝਾਇਆ ॥੧॥ਰਹਾਉ॥

---

* ਉਕਤ ਪ੍ਰਸੰਗ ਅਤੇ ਵਿਚਾਰ ਤੋਂ ਪਾਠਕ ਸਮਝ ਗਏ ਹੋਣਗੇ ਕਿ ਗੁਰੂ ਕੇ ਸਿਖਾਂ ਦਾ ਮੁਖ ਕਰਤਵ ਗੁਰੂ ਜੀ ਦੇ ਹੁਕਮਾਂ ਦੀ ਪਾਲਨਾ ਕਰਨਾ ਹੈ। ਲਿਖਿਆ ਹੈ—'ਗੁਰ ਸੰਗਤ ਕੀਨੀ ਖਾਲਸਾ'
ਹਰ ਸਿਖ ਦਾ ਫਰਜ਼ ਹੈ ਕਿ ਖਾਲਸਾ ਨਾਮੀ ਸੰਗਤ ਦਾ ਮੈਂਬਰ ਬਣੇ ਜਿਸ ਲਈ ਜ਼ਰੂਰੀ ਹੈ ਕਿ—

(੧) ਹਰ ਸਿਖ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕੇ। (੨) ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਾਲਾ 'ਸਾਬਤ ਸੂਰਤਿ ਦਸਤਾਰ ਸਿਰਾ' ਹੋਵੇ। (੩) ਗੁਰੂ ਜੀ ਦੀ ਦਸੀ ਰਹਿਤ ਰਖੇ ਅਤੇ ਸਿੰਘ ਸਦਾਵੇ। (੪) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਅਤੇ ਗੁਰੂ ਬਾਣੀ ਦੇ ਪਾਠ ਦਾ ਨਿਤਨੇਮੀ ਹੋਵੇ। (੫) ਚਾਰ ਬੱਜਰ ਕੁਰਹਿਤਾਂ ਤੋਂ ਬਚੇ। (੬) ਵਾਹਿਗੁਰੂ ਜੀ ਕਾ ਖਾਲਸਾ ਬਣੇ ਅਤੇ ਆਪਣੇ ਅੰਦਰ 'ਪੂਰਨ ਜੋਤਿ' ਜਗਾਵੇ। (੭) ਬਲਵਾਨ ਹੋਵੇ, ਬੁਜ਼ਦਿਲ ਨ ਹੋਵੇ। (੮) ਅਕਾਲ ਤੋਂ ਬਿਨਾਂ ਡਰ ਕਿਸੇ ਦਾ ਨਾ ਮੰਨੇ। (੯) ਕਿਰਤ ਧਰਮ ਦੀ ਕਰੇ, ਵੰਡ ਛਕੇ, ਨਾਮ ਜਪੇ ਤੇ ਜਪਾਵੇ। (੧੦) ਦੁਖ ਸੁਖ ਨੂੰ ਹੁਕਮ ਦੀ ਖੇਡ ਜਾਣ ਰੱਬੀ ਰਜ਼ਾ ਵਿਚ ਰਾਜ਼ੀ ਰਹੇ।



www.AKJ.Org

ਮਨੁ ਮਾਰਣ ਕਾਰਨਿ ਬਨ ਜਾਈਐ ॥ ਸੋ ਜਲੁ ਬਿਨੁ ਭਗਵੰਤ ਨ ਪਾਈਐ ॥੧॥
ਜਿਹ ਪਾਵਕ ਸੁਰਿ ਨਰ ਹੈ ਜਾਰੇ ॥ ਰਾਮ ਉਦਕਿ ਜਨ ਜਲਤ ਉਬਾਰੇ ॥੨॥
ਭਵ ਸਾਗਰ ਸੁਖ ਸਾਗਰ ਮਾਹੀ ॥ ਪੀਵਿ ਰਹੇ ਜਲ ਨਿਖੁਟਤ ਨਾਹੀ ॥੩॥
ਕਹਿ ਕਬੀਰ ਭਜੁ ਸਾਰਿੰਗਪਾਨੀ ॥ ਰਾਮ ਉਦਕਿ ਮੇਰੀ ਤਿਖਾ ਬੁਝਾਨੀ ॥੪॥੧॥
(ਗਉੜੀ ਸ੍ਰੀ ਕਬੀਰ ਜੀਉ—੩੨੩)

ਇਹ ਅੰਮ੍ਰਿਤ, ਸਪੱਸ਼ਟ ਤੌਰ ਤੇ ਪ੍ਰਭੂ ਦਾ ਅੰਮ੍ਰਿਤ ਰੂਪੀ ਨਾਮ ਨਿਰਮਲ ਜਲ ਹੈ, ਜਿਸ ਵਿਚ ਵਿਸ਼ੇ ਵਿਕਾਰਾਂ ਦੀ ਅਗਨੀ ਦਗਧ ਕਰਨ ਦੀ ਅਥਾਹ ਸ਼ਕਤੀ ਹੈ, ਪਰ ਇਸ ਦੀ ਪ੍ਰਾਪਤੀ ਦਾ ਸੋਮਾ ਜੰਗਲ ਦੀ ਇਕਾਂਤ ਨਹੀਂ, ਪੂਰਨ ਸਤਿਗੁਰ ਦੀ ਬਖ਼ਸ਼ਸ਼ ਹੈ।

ਸਤਿਗੁਰੂ ਨਾਨਕ ਦੇਵ ਜੀ ਪ੍ਰਾਣੀਆਂ ਦੇ ਕਲਿਆਣ ਲਈ ਚਰਨਾਮ੍ਰਿਤ ਪਿਲਾ ਕੇ ਨਾਮ ਦਾਨ ਦਾ ਉਪਦੇਸ਼ ਦਿੰਦੇ ਸਨ। ਇਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਕੀਤਾ ਹੈ। ਅੱਠਵੀਂ ਜੋਤਿ ਨੇ ਆਪਣੇ ਚਰਨ ਕਮਲਾਂ ਦੀ ਪਾਵਨ ਛੁਹ ਨਾਲ ਬੰਗਲਾ ਸਾਹਿਬ ਵਿਚ ਐਸਾ ਅੰਮ੍ਰਿਤ-ਜਲ ਤਿਆਰ ਕੀਤਾ ਜਿਸ ਵਿਚ ਸਭੀ ਦੁੱਖਾਂ ਨੂੰ ਖ਼ਤਮ ਕਰਨ ਦੀ ਸ਼ਕਤੀ ਹੈ। ਇਹ ਪਰੰਪਰਾ ੧੬੯੯ ਤੱਕ ਇਸੇ ਰੂਪ ਵਿਚ ਪ੍ਰਚੱਲਤ ਰਹੀ, ਪਰ ਸਮਾਂ ਭੈੜੇ ਤੋਂ ਭੈੜਾ ਹੁੰਦਾ ਗਿਆ। ਗਰੀਬਾਂ, ਅਨਾਥਾਂ ਉੱਤੇ ਬੇਰਹਿਮੀ ਭਰੇ ਅੱਤਿਆਚਾਰ ਤੇ ਪਾਵਨ ਆਤਮਾਵਾਂ ਦੀ ਸ਼ਹਾਦਤ ਦੇ ਬਾਵਜੂਦ ਰੱਤ ਪੀਣੇ, ਨਿਰਦਈ ਜ਼ਾਲਮ ਹੁਕਮਰਾਨਾਂ ਦੀ ਪਿਆਸ ਨਹੀਂ ਬੁਝੀ। ਇਹ ਸਿਲਸਿਲਾ ਕਦ ਤਕ ਚੱਲਦਾ ਰਹਿੰਦਾ, ਅਨੁਮਾਨ ਲਾਉਣਾ ਕਠਨ ਹੈ।

ਕਲਗੀਧਰ ਦਸਮੇਸ਼ ਪਿਤਾ ਜੀ, ਜਿਨ੍ਹਾਂ ਦੇ ਰਗ ਰਗ ਵਿਚ ਅਣਖੀ ਖ਼ੂਨ ਗਰਦਸ਼ ਕਰ ਰਿਹਾ ਸੀ, ਅੰਮ੍ਰਿਤ ਵਿਚ ਭਗਤੀ, ਸ਼ਕਤੀ ਤੇ ਸੁੰਦਰਤਾ ਦਾ ਸੰਗਮ ਭਰਨਾ ਚਾਹੁੰਦੇ ਸਨ। ਆਪ ਨੇ ਪੱਕਾ ਸੰਕਲਪ ਕੀਤਾ ਕਿ ਮੈਂ ਐਸਾ ਅੰਮ੍ਰਿਤ ਤਿਆਰ ਕਰਾਂਗਾ ਕਿ ਇਸ ਦਾ ਸੇਵਨ ਕਰਨ ਵਾਲਾ ਵਿਅਕਤੀ ਨਿਰਬਲ, ਡਰਪੋਕ ਤੇ ਕਾਇਰ ਨਹੀਂ ਰਹੇਗਾ, ਮੌਤ ਨੂੰ ਮਖ਼ੌਲ ਕਰੇਗਾ ਤੇ ਜ਼ਿੱਲਤ ਭਰਿਆ ਜੀਵਨ ਨਹੀਂ ਬਤੀਤ ਕਰੇਗਾ। ਸੰਜਮੀ, ਉੱਦਮੀ ਤੇ ਆਗਿਆਕਾਰੀ ਅੰਮ੍ਰਿਤਧਾਰੀ ਐਸਾ ਕ੍ਰਾਂਤੀਕਾਰੀ, ਸੂਰਬੀਰ, ਵਰਿਆਮ ਸੰਤ ਸਿਪਾਹੀ ਬਣੇਗਾ ਜਿਹੜਾ ਨਿਰਗੁਣ ਅਕਾਲ ਪੁਰਖ ਦਾ ਨਾਮ ਜਪਦਾ ਹੋਇਆ ਅਣਖ, ਬਹਾਦਰੀ, ਦਲੇਰੀ, ਪਰਉਪਕਾਰ, ਨਿਡਰਤਾ, ਨਿਰਵੈਰਤਾ ਤੇ ਹੋਰ ਅਨੇਕ ਦੈਵੀ ਗੁਣ ਗ੍ਰਹਿਣ ਕਰੇਗਾ ਤੇ ਯੋਗ ਸਮੇਂ ਇਨ੍ਹਾਂ ਦੀ ਵਰਤੋਂ ਕਰੇਗਾ। ਇਹ ਨਮੂਨੇ ਦਾ ਮਨੁੱਖ ਸ਼ੇਰ ਦਾ ਬਾਣਾ ਧਾਰਨ ਕਰ ਕੇ ਦੀਨ ਦੁਖੀਆਂ ਮਜ਼ਲੂਮਾਂ ਦੇ ਕਸ਼ਟ ਨਿਵਾਰਨੇ ਲਈ ਆਪਣੀ ਜਾਨ ਦੀ ਬਾਜ਼ੀ ਲਾਵੇਗਾ ਤੇ ਹਕੂਮਤ ਦੇ ਭੈ ਜਾਂ ਲਾਚਾਰ ਅੱਗੇ ਈਨ ਨਹੀਂ ਮੰਨੇਗਾ।

ਇਸ ਤਰ੍ਹਾਂ ਦਾ ਪ੍ਰੀਵਰਤਣ ਲਿਆਉਣ ਦਾ ਖ਼ਿਆਲ ਕਿਸੇ ਵੀ ਆਗੂ ਦੇ ਮਨ ਵਿਚ ਨਹੀਂ ਸੀ ਆਇਆ। ਪਹਾੜ ਜਿੱਡੀ ਸਲਤਨਤ ਨੂੰ ਵੰਗਾਰਨਾ ਕੋਈ ਬੱਚਿਆਂ ਦਾ ਖੇਲ ਨਹੀਂ ਸੀ। ਜਿਨ੍ਹਾਂ ਜੀਵਾਂ ਨੂੰ ਆਬੇ ਹਯਾਤ ਦਾ ਜਾਮ ਪਿਲਾਉਣਾ ਸੀ, ਉਨ੍ਹਾਂ ਦੀ ਪਤਿਤ ਜ਼ਿੰਦਗੀ ਦਾ ਦ੍ਰਿਸ਼ ਹਜ਼ੂਰ ਦੇ ਮਨ ਵਿਚ ਸਾਫ਼ ਚਿਤਰਿਆ ਹੋਇਆ ਸੀ। ਨਿੱਘਰੀ ਹੋਈ ਜਨਤਾ ਦੇ ਅਸਾਧ ਰੋਗ ਨੂੰ ਦੂਰ ਕਰਨ ਲਈ ਕਈ ਔਸ਼ਧੀਆਂ ਦੇ ਮਿਸ਼ਰਤ ਦੀ ਲੋੜ ਸੀ। ਸਮੁੱਚੀ ਲੁਕਾਈ ਦਾ ਇਕ ਇਕ ਅੰਗ ਬੇਹੋਸ਼ ਤੇ ਮੁਰਦਾ ਹੋ ਚੁਕਾ ਸੀ। ਹੱਥ ਪੈਰ ਪਰਾਈ ਚਾਕਰੀ, ਸੇਵਾ ਤੇ ਵੇਗਾਰ ਦੀਆਂ ਜ਼ੰਜੀਰਾਂ ਵਿਚ ਜਕੜੇ ਹੋਏ, ਸਿਰ ਗ਼ੈਰਤ ਤੋਂ ਖ਼ਾਲੀ, ਅੱਖਾਂ ਵਿਚ ਅਗਿਆਨ ਦੀ ਧੁੰਦ, ਨਿਗਾਹਾਂ ਝੁਕੀਆਂ ਹੋਈਆਂ, ਨੱਕ ਤਾਮਸੀ ਦੁਰਗੰਧ ਨਾਲ ਦੂਸ਼ਤ ਹੋਇਆ, ਕੰਨ ਹਕੀਕਤ ਨੂੰ ਸੁਣਨ ਤੇ ਸਮਝਣ ਤੋਂ ਡੋਰੇ, ਚਿਹਰਾ ਕੁਮਲਾਇਆ ਹੋਇਆ, ਮੱਥਾ ਗ਼ੁਲਾਮੀ ਦੀਆਂ ਰੇਖਾਵਾਂ ਕਾਰਨ ਚਮਕ ਦਮਕ ਤੋਂ ਰਹਿਤ ਤੇ ਰਸਨਾ ਚਾਪਲੂਸੀ ਦੀ ਸ਼ਿਕਾਰ ਸੀ। ਮਨ-ਰਾਜੇ ਦੀ ਖ਼ੁਦਦਾਰੀ ਤਾਂ ਪਰ ਲਾ ਕੇ ਉੱਡ ਗਈ ਸੀ ਤੇ ਉਹ ਆਪਣਾ ਬਾਦਸ਼ਾਹੀ ਕਰਤੱਵ ਬਿਲਕੁਲ ਗੁਆ ਬੈਠਾ ਸੀ। ਏਨੀ ਨਿੱਘਰੀ ਹੋਈ ਮਾਨਸਕ ਅਵਸਥਾ ਵਿਚ ਆਤਮਕ ਜੀਵਨ ਦਾ ਪ੍ਰਫੁੱਲਤ ਹੋਣਾ ਅਸੰਭਵ ਦਿਖਾਈ ਦੇਂਦਾ ਸੀ। ਐਸੇ


www.AKJ.Org

ਨਿਰਾਸ਼ਤਾ ਭਰੇ ਹਾਲਾਤ ਵਿਚ ਹਜ਼ੂਰ ਨੇ ਆਪਣੀ ਨਵੀਨ ਵਿਚਾਰਧਾਰਾ, ਦ੍ਰਿੜ੍ਹਤਾ ਤੇ ਪੱਕੇ ਇਰਾਦੇ ਦੁਆਰਾ ਐਸਾ ਅੰਮ੍ਰਿਤ ਤਿਆਰ ਕਰਨ ਦਾ ਫ਼ੈਸਲਾ ਕੀਤਾ ਕਿ ਸਾਧਾਰਨ ਜ਼ਿੰਦਗੀ ਵਿਚ ਨਵਾਂ ਚਾਅ ਤੇ ਹੌਸਲਾ ਉਤਪੰਨ ਹੋ ਜਾਵੇ।

ਇਸ ਮੰਤਵ ਦੀ ਪੂਰਤੀ ਲਈ ਦੂਰੰਦੇਸ਼ ਦਸਮੇਸ਼ ਪਿਤਾ ਨੇ ਬਹੁਤ ਅਨੋਖਾ ਢੰਗ ਅਪਣਾਇਆ। ਹਜ਼ੂਰ ਨੇ ਸਖਤ ਪਰਚਾ ਪਾ ਕੇ ਮਰਜੀਵੜੇ ਸਿੱਖਾਂ ਦੀ ਮੰਗ ਕੀਤੀ ਅਤੇ ਪ੍ਰੀਖਿਆ ਲਈ, ਕਿ ਗੁਰੂ ਨਾਨਕ ਜੀ ਦੇ ਸਿੱਖ ਕਿਸ ਹੱਦ ਤਕ ਆਪਣੀ ਜਾਨ ਨਿਛਾਵਰ ਕਰਨ ਲਈ ਤੱਤਪਰ ਰਹਿੰਦੇ ਹਨ। ਆਪਣਾ ਸਿਰ ਵਾਰਨ ਵਾਲੇ ਪੰਜ ਸਿੰਘ ਪੰਜ ਪਿਆਰੇ ਕਹਿਲਾਏ। ਹਜ਼ੂਰ ਨੇ ਉਨ੍ਹਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ, ਫਿਰ ਆਪ ਉਨ੍ਹਾਂ ਤੋਂ ਅੰਮ੍ਰਿਤ ਪਾਨ ਦੀ ਦਾਤਿ ਮੰਗ ਕੇ ਲਈ ਤੇ ਆਪਣਾ ਨਾਮ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਧਰਾਇਆ। ਇਹ ਗੁਰੂ ਚੇਲਾ ਤੇ ਚੇਲਾ ਗੁਰੂ ਦੀ ਇਕਮਿੱਕਤਾ ਦਾ ਜ਼ਾਹਿਰਾ ਜ਼ਹੂਰ ਪਰਤੱਖ ਪ੍ਰਗਟਾਵਾ ਸੀ। ਇਹ ਅੰਮ੍ਰਿਤ ਇਨਸਾਨੀ ਕ੍ਰਿਤ ਨਹੀਂ ਸੀ, ਬਲਕਿ ਹਜ਼ੂਰ ਦੇ ਰੌਸ਼ਨ ਦਿਮਾਗ ਦਾ ਇਲਾਹੀ ਚਮਤਕਾਰ ਸੀ। ਪੰਜਾਂ ਪਿਆਰਿਆਂ ਦੁਆਰਾ ਪੰਜਾਂ ਬਾਣੀਆਂ ਦਾ ਰਸਨਾ ਨਾਲ ਉਚਾਰਣ, ਨਾਮ-ਰੱਤੇ ਦਸਾਂ ਨੈਣਾਂ ਦੀ ਪਾਵਨ ਦ੍ਰਿਸ਼ਟੀ, ਦਸਾਂ ਹੱਥਾਂ ਦੇ ਵਿਦਿਤ ਰੂਪ ਸਪਰਸ਼ ਅਤੇ ਲੋਹੇ ਦੇ ਖੰਡੇ ਬਾਟੇ ਦੀ ਰਗੜ ਨੇ ਜਿਹੜਾ ਨਿਆਰਾ ਤੇ ਵਿਲੱਖਣ ਅੰਮ੍ਰਿਤ ਤਿਆਰ ਕੀਤਾ, ਉਹ ਸੰਪੂਰਨ ਗੁਣਾਂ ਨਾਲ ਭਰਪੂਰ ਹੈ ਤੇ ਸਦਾ ਲਈ ਭਰਪੂਰ ਰਹੇਗਾ। ਅੰਮ੍ਰਿਤ ਦੀ ਸ੍ਰੇਸ਼ਟਤਾ ਗੁਰਬਾਣੀ ਵਿਚ ਕਈ ਥਾਂ ਦੇਖਣ ਵਿਚ ਆਉਂਦੀ ਹੈ—

ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ, ਫਿਰਿ ਮਰਦਾ ਬਹੁੜਿ ਜੀਵਾਇਆ ਰਾਮ ॥
ਜਨ ਨਾਨਕ ਸਤਿਗੁਰ ਜੋ ਮਿਲੇ ਮੇਰੀ ਜਿੰਦੁੜੀਏ, ਤਿਨ ਕੇ ਸਭ ਦੁਖ ਗਵਾਇਆ ਰਾਮ ॥੩॥੩॥
(ਬਿਹਾਗੜਾ ਮਹਲਾ ੪—੫੩੯)

ਗੁਰ-ਫ਼ੁਰਮਾਨ ਹੈ ਕਿ ਅੰਮ੍ਰਿਤ ਸੰਸਾਰ ਵਿਚ ਇਕੋ ਹੈ, ਦੂਜਾ ਕੋਈ ਨਹੀਂ। ਇਸ ਦੀ ਪ੍ਰਾਪਤੀ ਕੇਵਲ ਗੁਰੂ ਉਪਦੇਸ਼ ਦੁਆਰਾ ਹੁੰਦੀ ਹੈ ਤੇ ਇਹ ਨਿਰੋਲ ਨਿਰਗੁਣ ਨਾਮ ਹੈ।

ਦਸਮ ਪਿਤਾ ਦੀ ਜਗਤ ਨੂੰ ਮਹਾਨ ਦੇਣ ਇਹ ਹੈ ਕਿ ਆਪ ਨੇ ਹਰੇਕ ਸੂਖਮ ਵਿਚਾਰ ਨੂੰ ਸਥੂਲ ਰੂਪ ਦਿੱਤਾ ਤੇ ਅਦ੍ਰਿਸ਼ਟ ਪਦਾਰਥ ਨੂੰ ਪ੍ਰਗਟ ਰੂਪ ਵਿਚ ਦ੍ਰਿਸ਼ਟਮਾਨ ਕੀਤਾ। ਗੁਪਤ ਨਾਮ ਦੀ ਸ਼ਕਲ—ਸੱਤਾ ਤੇ ਅਕਾਰ ਨੂੰ ਇਸ ਤਰ੍ਹਾਂ ਪਰਚੰਡ ਕੀਤਾ ਕਿ ਮਾਮੂਲੀ ਇਨਸਾਨ ਨੂੰ ਵੀ, ਇਸ ਦੀ ਅੰਮ੍ਰਿਤ-ਮਈ ਕਲਾ ਨੂੰ ਸਮਝਣ ਵਿਚ ਦਿੱਕਤ ਨ ਆਵੇ। ਇਸ ਤਰ੍ਹਾਂ ਪਤਾਸਿਆਂ ਦੀ ਵਰਤੋਂ ਦਾ ਉੱਦੇਸ਼ ਅੰਮ੍ਰਿਤ ਨੂੰ ਕੇਵਲ ਸੁਆਦ ਲਈ ਹੀ ਮਿੱਠਾ ਨਹੀਂ ਸੀ ਬਣਾਉਣਾ, ਬਲਕਿ ਇਸ ਵਿਚ ਅਤਿਅੰਤ ਮਿੱਠੇ ਗੁਣਾਂ ਦਾ ਪਰਵੇਸ਼ ਕਰਨਾ ਸੀ। ਇਨ੍ਹਾਂ ਰੱਬੀ ਗੁਣਾਂ ਦੀ ਮਿਠਾਸ ਸੰਸਾਰ ਦੇ ਮਿਠੇ ਪਦਾਰਥਾਂ ਤੋਂ ਕਿਤੇ ਅਧਿਕ ਹੈ—

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆ ਰਬ ਨ ਪੁਜਨਿ ਤੁਧੁ ॥੨੭॥
(ਸਲੋਕ ਸੇਖ ਫਰੀਦ ਜੀ—੧੩੭੯)

ਖੰਡੇ ਦੀ ਇਹ ਪਾਹੁਲ ਸੁੱਕੇ, ਵੀਰਾਨ, ਕਉੜੱਤਣ ਭਰੇ ਹਿਰਦਿਆਂ ਵਿਚ ਮਿਠਾਸ, ਨਿਮਰਤਾ, ਸਹਿਨਸ਼ੀਲਤਾ, ਵਿਗਾਸ, ਖੇੜਾ ਤੇ ਤ੍ਰਿਪਤੀ ਭਰਨ ਦੀ ਪਾਵਨ ਕਲਾ ਵਰਤਾਉਣ ਲਈ ਸਮਰੱਥ ਹੈ। ਇਸ ਦਾ ਅਨਿਖੜਵਾਂ ਅੰਗ ਪੰਚਾਮ੍ਰਿਤ (ਕੜਾਹ ਪ੍ਰਸ਼ਾਦ) ਸਾਤਵਕ ਤੇ ਪੌਸ਼ਟਕ ਭੋਜਨ ਵੀ ਹੈ ਤੇ ਬੀਰ ਰਸ ਦਾ ਜਜ਼ਬਾ ਉਤਪੰਨ ਕਰ ਕੇ ਜ਼ੁਲਮੀ ਤੂਫਾਨ ਦਾ ਮੂੰਹ ਤੋੜਨ ਲਈ ਚੱਟਾਨ ਵੀ ਹੈ। ਇਹ ਬੇਮਿਸਾਲ ਕੀਮਤੀ ਤੱਤਾਂ ਨਾਲ ਭਰਪੂਰ ਹੈ। ਅੰਮ੍ਰਿਤ ਨਾਮ ਦੇ ਗੁਪਤ ਖਜ਼ਾਨੇ ਤੇ ਪਾਰਸ ਕਲਾ ਨੂੰ ਪ੍ਰਗਟ ਪਹਾਰੇ ਜਾਪਣ ਵਾਲਾ ਪਰਤੱਖ ਸਰੂਪ ਬਖਸ਼ਿਆ ਹੈ ਤੇ ਰੱਬੀ ਗਿਆਨ ਨੂੰ ਸੂਰਜ ਵਾਂਗ ਚਮਕਾਇਆ ਹੈ। ਹਜ਼ੂਰ ਨੇ ਸਹਿਜ ਸੁਭਾਅ ਹੀ ਸਾਂਝੇ ਉਪਦੇਸ਼ ਨੂੰ ਪੰਜਾਂ ਪਿਆਰਿਆਂ ਦੇ ਵੱਖ ਵੱਖ ਜਾਤਾਂ, ਧਰਮਾਂ ਤੇ ਵੱਖ ਵੱਖ ਪ੍ਰਾਂਤਾਂ ਦੇ ਨੁਮਾਇੰਦਿਆਂ ਦੇ ਤੌਰ ਤੇ ਅਮਲੀ


www.AKJ.Org

ਰੂਪ ਪਰਦਾਨ ਕੀਤਾ ਹੈ। ਮਿਥਿਹਾਸਕ ਘਟਨਾਵਾ ਤੇ ਕਰਾਮਾਤੀ ਸ਼ਕਤੀਆਂ ਨੂੰ ਯੋਗ ਅਵਸਰ ਆਉਣ ਤੇ ਦੁਹਰਾਇਆ ਹੈ। ਅੰਮ੍ਰਿਤ ਪਾਨ ਦੇ ਸਦਕੇ ਗੁਰਸਿੱਖਾਂ ਨੇ ਅਰਦਾਸ-ਸ਼ਕਤੀ ਦੇ ਅਨਗਿਣਤ ਨਮੂਨੇ ਪੇਸ਼ ਕੀਤੇ। ਅਟੁੱਟ ਵਿਸ਼ਵਾਸ ਦੁਆਰਾ ਆਪਣਾ ਬਚਨ ਨਿਭਾਉਣਾ, ਤਲੀ ਤੇ ਸਿਰ ਰੱਖ ਕੇ ਪ੍ਰੇਮ ਦੀ ਖੇਡ ਖੇਡਣੀ, ਮਸਤ ਸ਼ਰਾਬੀ ਹਾਥੀ ਨੂੰ ਪਛਾੜਨਾ, ਸਵਾ ਲੱਖ ਨਾਲ ਜੂਝਣਾ ਇਤਿਹਾਸ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ।

ਅੰਮ੍ਰਿਤ ਸਦੀਵੀ ਜ਼ਿੰਦਗੀ ਹੈ, ਜਿਸ ਤੋਂ ਮੌਤ ਵੀ ਡਰਦੀ ਹੈ। ਇਹ ਪ੍ਰੀਵਰਤਣ ਦਾ ਜ਼ਬਰਦਸਤ ਮਾਧਿਅਮ ਹੈ ਤੇ ਕੌਤਕਮਈ ਕ੍ਰਿਸ਼ਮਾ ਹੈ। ਇਸ ਕਾਇਆ ਅੰਦਰ ਵਿਚਰਦਿਆਂ ਹੀ ਪਹਿਲੀ ਜ਼ਿੰਦਗੀ ਦਾ ਅੰਤ ਤੇ ਨਵੀਂ ਜ਼ਿੰਦਗੀ ਦੀ ਆਰੰਭਤਾ ਹੁੰਦੀ ਹੈ, ਬਿਲਕੁਲ ਇਸ ਤਰ੍ਹਾਂ ਜਿਵੇਂ ਇਨਸਾਨ ਮਰ ਕੇ ਨਵਾਂ ਜਨਮ ਧਾਰਨ ਕਰਦਾ ਹੈ। ਇਸ ਤਰ੍ਹਾਂ ਦੀ ਮੌਤ ਬਖਸ਼ਸ਼ ਦੀ ਨਿਸ਼ਾਨੀ ਹੈ, ਜਿਹੜੀ ਆਤਮ ਸਮਰਪਨ ਤੇ ਗੁਰਮਤਿ ਦੀ ਪ੍ਰਾਪਤੀ ਸਮੇਂ ਪ੍ਰਾਪਤ ਹੁੰਦੀ ਹੈ। ਫਰਕ ਇਤਨਾ ਹੈ ਕਿ ਪਹਿਲੀ ਜ਼ਿੰਦਗੀ ਦੇ ਬਾਅਦ ਮੌਤ ਨੇ ਅਵੱਸ਼ ਆਉਣਾ ਸੀ, ਪਰ ਅੰਮ੍ਰਿਤ ਪਾਨ ਕਰਨ ਬਾਅਦ ਦੀ ਜ਼ਿੰਦਗੀ ਸਦ-ਜੀਵਨੀ ਹੈ ਤੇ ਆਵਾਗਵਨ ਦੇ ਚੱਕਰ ਵਿਚ ਪਾਉਣ ਵਾਲੀ ਮੌਤ ਤੋਂ ਸਦਾ ਲਈ ਛੁਟਕਾਰਾ ਦਿਵਾਂਦੀ ਹੈ। ਇਹ ਗੁਰ ਫ਼ੁਰਮਾਨ ਅਟੱਲ ਹੈ—

ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥
ਅੰਮ੍ਰਿਤ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥ (ਸੋਰਠਿ ਮਹਲਾ ੩—੬੦੪)

ਇਸ ਨਵੇਂ ਜੀਵਨ ਵਿਚ, ਸਾਡੇ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸਾਹਿਬ ਕੌਰ ਜੀ ਹਨ। ਇਨ੍ਹਾਂ ਦਾ ਫੁਰਮਾਨ ਤੇ ਬਖਸ਼ਿਸ਼ ਭਰਿਆ ਹੱਥ ਗੁਰਸਿੱਖ ਨੂੰ ਸੰਕਟ ਸਮੇਂ ਡੋਲਣ ਤੇ ਕੁਰਾਹੇ ਪੈਣ ਤੋਂ ਰੋਕਦਾ ਤੇ ਚੜ੍ਹਦੀ ਕਲਾ ਦੀ ਅਵਸਥਾ ਵਿਚ ਟਿਕਾਉਂਦਾ ਹੈ, ਪਿਆਰ ਭਰੀਆਂ ਅਸੀਸਾਂ ਨਵਜੀਵਨ ਵਿਚ ਸਫਲਤਾ ਦਾ ਮਾਰਗ ਦਿਖਾਉਂਦੀਆਂ ਹਨ। ਇਹ ਦਾਤਿ ਦਾਤੇ ਦੀ ਰਹਿਮਤ ਹੈ, ਇਸ ਵਿਚ ਆਪਣਾ ਜ਼ੋਰ ਨਹੀਂ। ਮਰ ਕੇ ਜੀਉਣ ਵਾਲਿਆਂ ਦੇ ਜਜ਼ਬਾਤ ਇਨ੍ਹਾਂ ਸ਼ਬਦਾਂ ਵਿਚੋਂ ਦਿਖਾਈ ਦਿੰਦੇ ਹਨ—

ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ ॥
ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ ॥
ਸਬਦੁ ਗੁਰਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ ॥੨॥੪॥
(ਸੋਰਠਿ ਮ: ੫, ਪੰਨਾ ੬੦੧)

ਖਾਲਸੇ ਦਾ ਲਗਾਉ ਤੇ ਦੁਨਿਆਵੀ ਖਿੱਚਾਂ ਤੋਂ ਉੱਪਰ ਉੱਠਿਆ ਅਲੇਪਤਾ ਵਾਲਾ ਤੇ ਮੌਤ ਨੂੰ ਮਖੌਲ ਕਰਨ ਵਾਲਾ ਭੈ ਰਹਿਤ ਜੀਵਨ ਵਾਸਤਵ ਵਿਚ ਆਤਮਕ ਮਾਤਾ ਪਿਤਾ ਦੇ ਰੂਹਾਨੀ ਪ੍ਰੇਮ ਦਾ ਰਹੱਸ ਹੈ। ਸਮਦ੍ਰਿਸ਼ਟੀ ਦਾ ਨਵਾਂ ਗਿਆਨ, ਨਵੀਆਂ ਸੋਚਾਂ, ਨਵਾਂ ਪਰਉਪਕਾਰੀ ਇਖਲਾਕੀ ਕਰਮ, ਨਵਾਂ ਮਾਨਵਤਾ ਦਾ ਧਰਮ, ਇਹ ਸਭ ਸਤੋਗੁਣੀ ਸਿਫਤਾਂ ਮਾਣਸ ਨੂੰ ਦੇਵਤੇ ਵਿਚ ਬਦਲਦੀਆ ਹਨ। ਵਰਤਮਾਨ ਸੰਸਾਰ ਵਿਚ ਉਤਪੰਨ ਹੋਈਆਂ ਕਈ ਗੁੰਝਲਦਾਰ ਸਮੱਸਿਆਵਾਂ ਦੇ ਖ਼ਾਤਮੇ ਲਈ ਪੂਰਨ ਗੁਰਸਿਖ ਸੰਤ ਸਿਪਾਹੀ ਦੇ ਮਾਰਗ-ਦਰਸ਼ਨ ਦੁਆਰਾ ਇਸ ਵਿਗਿਆਨਕ ਯੁੱਗ ਵਿਚ ਰਾਮ-ਰਾਜ ਵਰਤਾਉਣ ਦੀ ਲੋੜ ਹੈ।

ਅੰਮ੍ਰਿਤ ਆਪਣੇ ਆਪ ਵਿਚ ਅਖੰਡ ਸਰੂਪ ਹੈ। ਦੂਈ, ਦਵੈਤ, ਈਰਖਾ, ਵੱਖਵਾਦ ਜਾਂ ਘ੍ਰਿਣਾ ਦਾ ਸੁਤੇ ਸਿੱਧ ਹੀ ਅਭਾਵ ਹੁੰਦਾ ਹੈ। ਅੰਮ੍ਰਿਤ, ਆਪਣੇ-ਬੇਗਾਨੇ, ਛੂਤ-ਛਾਤ, ਅਮੀਰੀ-ਗਰੀਬੀ, ਕੁੰਬਾ-ਪਰਵਰੀ ਤੇ ਮੁਤਅੱਸਬੀ ਵਿਚਾਰਾਂ ਦੀ ਖਾਈ ਨੂੰ ਹੁਣ ਤਕ ਭਰਦਾ ਆਇਆ ਹੈ ਤੇ ਭਵਿੱਖ ਵਿਚ ਭਰਦਾ ਰਹੇਗਾ। ਮੁਗਲ ਰਾਜ ਨੇ ਦਸਮੇਸ਼ ਪਿਤਾ ਦੇ ਆਬੇ ਹਯਾਤ ਦੀ ਸ਼ਕਤੀ ਨੂੰ ਕਿਸੇ ਨ ਕਿਸੇ ਰੂਪ ਵਿਚ ਸਵੀਕਾਰ ਕੀਤਾ ਹੈ। ਵਰਤਮਾਨ ਹਕੂਮਤ ਨੂੰ ਵੀ ਇਸ ਗੱਲ ਦਾ ਪੂਰਾ ਅਹਿਸਾਸ ਹੈ ਕਿ ਅੰਮ੍ਰਿਤਧਾਰੀ ਗੁਰਸਿਖ ਆਪਣੇ ਦ੍ਰਿੜ੍ਹ ਵਿਸ਼ਵਾਸ ਤੇ ਸੰਕਲਪ ਦੁਆਰਾ ਬਿਖੜੇ ਪੈਂਡੇ ਤੋਂ ਘਬਰਾਉਂਦਾ ਨਹੀਂ, ਤੇ ਕਠਨ ਤੋਂ ਕਠਨ ਕਾਰਜ ਨੂੰ ਸਿਰ ਚਾੜ੍ਹ ਕੇ ਸਾਹ ਲੈਂਦਾ ਹੈ।



www.AKJ.Org

ਐਨੇ ਦੈਵੀ ਗੁਣਾਂ ਦੇ ਹੁੰਦਿਆਂ ਖਾਲਸਾ ਪੰਥ ਵਿਚ ਜਿੰਨੀ ਏਕਤਾ ਤੇ ਸ਼ਕਤੀ ਹੋਣੀ ਚਾਹੀਦੀ ਸੀ, ਓਨੀ ਹੁਣ ਪ੍ਰਤੀਤ ਨਹੀਂ ਹੁੰਦੀ। ਇਸ ਦਾ ਮੁੱਖ ਕਾਰਨ ਦੋ ਖਾਸ ਸ੍ਵੈ-ਵਿਰੋਧੀ ਗੁਣਾਂ ਦੇ ਸੁਜੋੜ ਦੀ ਘਾਟ ਹੈ। ਅੰਮ੍ਰਿਤ ਨੇ ਭਗਤੀ ਵੀ ਦਿੱਤੀ ਤੇ ਸ਼ਕਤੀ ਵੀ। ਭਗਤੀ ਰਹਿ ਗਈ ਸੰਤਾਂ, ਭਗਤਾਂ ਤੇ ਸਧਾਰਨ ਗੁਰਸਿੱਖਾਂ ਪਾਸ ਤੇ ਰਾਜਸੀ ਸ਼ਕਤੀ ਦੇ ਮਾਲਕ ਬਣ ਬੈਠੇ ਕੇਵਲ ਰਾਜਨੀਤਕ ਲੀਡਰ। ਇਨ੍ਹਾਂ ਦੋਨਾਂ ਵਰਗਾਂ ਦੀ ਵਿਚਾਰਧਾਰਾ ਏਨੀ ਵੱਖਰੀ ਹੈ, ਜਿਸ ਨੂੰ ਇਕੱਠਾ ਕਰਨਾ ਬਹੁਤ ਕਠਨ ਹੈ। ਸੰਤ ਲੋਕ ਦੁਨਿਆਵੀ ਪਦਵੀ ਤੋਂ ਉੱਪਰ ਤੇ ਲਾਲਚ ਤੋਂ ਕੋਹਾਂ ਦੂਰ, ਰਾਜਨੀਤਕ ਲੀਡਰ ਦੈਵੀ ਗੁਣਾਂ ਤੋਂ ਕੋਰੇ ਅਤੇ ਗੱਦੀ ਦੇ ਲਾਲਚ, ਝੂਠੇ ਵਾਇਦੇ, ਪਾਰਟੀ-ਪ੍ਰਸਤੀ ਤੇ ਬੇਵਸੀ ਦੇ ਚਿੱਕੜ ਵਿਚ ਫਸੇ ਹੋਏ। ਪਰ ਇਨ੍ਹਾਂ ਸ਼ਕਤੀਆਂ ਦੇ ਅਜੋੜ ਦਾ ਏਨਾ ਗਿਲਾ ਨਹੀਂ, ਜਾਇਜ਼ ਗਿਲਾ ਤਾਂ ਸਿੱਖ ਧਾਰਮਕ ਆਗੂਆਂ ਤੇ ਹੈ, ਜਿਹੜੇ ਨਿੱਜੀ ਸੁਆਰਥ, ਕੁਰਸੀ ਦੀ ਭੁੱਖ, ਅਹੰ, ਝੂਠੇ ਸ੍ਵੈਮਾਨ ਦਾ ਸ਼ਿਕਾਰ ਹੋ ਕੇ ਅਲੱਗ-ਅਲੱਗ ਸਿਧਾਂਤਾਂ ਦੇ ਫਿਰਕਿਆਂ ਵਿਚ ਵੰਡੇ ਗਏ। ਇਹ ਅੰਮ੍ਰਿਤ ਸਮਾਗਮ ਵਿਚ ਦਰਸਾਏ ਗੁਰ-ਉਪਦੇਸ਼ਾਂ ਨੂੰ ਵਿਸਾਰਨ ਦਾ ਫਲ ਹੈ। ਇਕ ਉਹ ਵੀ ਸਮਾਂ ਸੀ ਕਿ ਖਾਲਸਾ ਪੰਥ ਵਿਚ ਮਿਸਟ ਬਚਨ, ਏਕਤਾ, ਨਿਸ਼ਕਾਮ ਸੇਵਾ, ਗੁਰ ਸੰਗੀਤ ਪਿਆਰ, ਭਾਈਚਾਰੇ ਤੇ ਬੇਲਾਗ ਜੀਵਨ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਹੁੰਦਾ ਸੀ।

ਅੰਮ੍ਰਿਤ ਦੀ ਮਹਿਮਾ ਕੌਮੀ ਦੁਖਾਂਤ ਜਾਂ ਦੇਸ਼ ਦੁਖਾਂਤ ਤੋਂ ਸਦਾ ਨਿਰਲੇਪ ਹੈ। ਸਾਡੀ ਆਪਣੀ ਗਿਰਾਵਟ ਕਾਰਨ ਅੰਮ੍ਰਿਤ ਦੇ ਸਰੂਪ ਦੀ ਵਿਲੱਖਣਤਾ ਤੇ ਦੈਵੀ ਗੁਣਾਂ ਦੀ ਸ੍ਰੇਸ਼ਟਤਾ ਆਪਣੇ ਮੂਲ ਰੂਪ ਵਿਚ ਉਸ ਤਰ੍ਹਾਂ ਕਾਇਮ ਹੈ। ਇਹ ਸੁਖ ਸਾਗਰ ਹੈ, ਜਿਸ ਦੇ ਪਾਵਨ ਜਲ ਵਿਚ ਨਾਮ-ਰੱਤੇ ਗੁਰਮੁਖ ਜਨ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸਹਜ, ਅਨੰਦ, ਖੇੜੇ ਦੀ ਉੱਚ ਅਵਸਥਾ ਵਿਚ ਲੀਨ ਰਹਿੰਦੇ ਹਨ। ਐਸੇ ਅਮੁੱਲ, ਅਤੁੱਲਾ ਦੁਲਭ ਤੇ ਅਨੂਠੇ ਰਸ ਭਰਪੂਰ ਅੰਮ੍ਰਿਤ ਦੀ ਵਡਿਆਈ ਦਾ ਨਕਸ਼ਾ ਗੁਰਬਾਣੀ ਵਿਚ ਕਈ ਥਾਵਾਂ ਤੇ ਖਿੱਚਿਅ, ਗਿਆ ਹੈ–

ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥
ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥
ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥
ਤਿਨੀ ਪੀਤਾ ਰੰਗ ਸਿਉ ਜਿਨ ਕਉ ਲਿਖਿਆ ਆਦਿ ॥੧॥੪॥

(ਸਲੋਕ ਮਹਲਾ ੨–੧੨੩੮)

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧੇ, ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ) ੧੦-੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | | ੧-੫੦ |
| ਕੇਸਕੀ (ਦਸਤਾਰ) | ੨-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੧-੫੦ |
| ਖਾਲਸਾ ਰਹਿਤ ਮਰਯਾਦਾ | ੩-੫੦ | ਕੀ ਕੇਸ ਰਖਣੇ ਜ਼ਰੂਰੀ ਹਨ ? | ,, | ੧-੦੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੧-੫੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ,, | ੦-੭੫ |
| ਤਉ ਕਉ ਮੁਰਗੀ ਮਾਰੇ (ਤਲਵਾੜਾ ਜੀ) | ੨-੦੦ | ਗੁਰਮਤਿ ਅਨਹਦ ਸ਼ਬਦ | ,, | ੦-੭੫ |
| HAIR—A Divine Gift | 1-00 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੧-੦੦ |
| Dawn of Divine wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧-੫੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੨-੦੦ | ਜਬ ਲਗ ਖਾਲਸਾ ਰਹੈ ਨਿਆਰਾ | ,, | ੦-੭੫ |
| ਗੁਰਬਾਣੀ ਰਹਿਤਨਾਮਾ | ੧-੫੦ | ਖਾਲਸਾ ਜੀ ਦਾ ਗੁਰਮਤਿ ਆਦਰਸ਼ | ,, | ੦-੭੫ |
| ਸ੍ਰੀ ਭਗਉਤੀ ਪ੍ਰਬੋਧ (ਚੋਣਵੇਂ ਵਿਦਵਾਨਾਂ ਦੇ ਲੇਖ) | ੨-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | | ੨-੦੦ |




www.AKJ.Org

# ਕੰਘਾ ਰਹਿਤ ਹੈ

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ, 162-ਹਾਊਸਿੰਗ ਬੋਰਡ ਕਲੋਨੀ, ਅੰਮ੍ਰਿਤਸਰ]

ਸਿੱਖ ਰਹਿਤ ਮਰਯਾਦਾ ਅਨੁਸਾਰ—

> "ਸਿੱਖ ਉਹ ਇਸਤ੍ਰੀ ਜਾਂ ਪੁਰਸ਼ ਹੈ ਜੋ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਾਂ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ।"

ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁਚੇ ਸਮੂਹ ਨੂੰ ਗੁਰੂ-ਪੰਥ ਆਖਿਆ ਜਾਂਦਾ ਹੈ ਤੇ ਤਿਆਰ-ਬਰ-ਤਿਆਰ ਸਿੰਘ ਅੰਮ੍ਰਿਤਧਾਰੀ ਹੁੰਦਾ ਹੈ ਅਤੇ ਅੰਮ੍ਰਿਤਧਾਰੀ ਸਿੰਘ ਨੂੰ ਪੰਜਾਂ ਕਕਾਰਾਂ (ਕੇਸ,* ਕਿਰਪਾਨ, ਕਛਹਿਰਾ, ਕੰਘਾ ਤੇ ਕੜਾ) ਨੂੰ ਹਰ ਵੇਲੇ ਅੰਗ-ਸੰਗ ਰੱਖਣ ਦਾ ਹੁਕਮ ਹੈ।

ਪੰਜਾਂ ਕਕਾਰਾਂ ਵਿਚੋਂ ਕੰਘਾ ਸਫਾਈ ਦਾ ਚਿੰਨ੍ਹ ਮੰਨਿਆ ਗਿਆ ਹੈ ਤੇ ਇਸ ਦਾ ਸਿੱਧਾ ਸੰਬੰਧ ਕੇਸਾਂ ਨਾਲ ਹੈ। ਦਸੋਂ ਹੀ ਗੁਰੂ ਸਾਹਿਬਾਨ ਆਪ ਕੇਸਾਧਾਰੀ ਸਨ (ਭਾਵੇਂ ਅੰਮ੍ਰਿਤ ਦੀ ਰਸਮ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਸ਼ੁਰੂ ਹੋਈ)। ਅਥਰ ਵੇਦ, ਯਜੁਰ ਵੇਦ, ਮਨੂ ਸਿਮ੍ਰਿਤਿ ਤੇ ਭਾਗਵਤ ਸਕੰਧ ਅਨੁਸਾਰ ਪੁਰਾਣੇ ਸਮਿਆਂ ਵਿਚ ਸਭ ਕੇਸ ਰਖਦੇ ਸਨ; ਕੇਸਾਂ ਦਾ ਕਟਣਾ ਪਾਪ ਤੇ ਅਪਰਾਧ ਦਾ ਦੰਡ ਮੰਨਿਆ ਜਾਂਦਾ ਸੀ। ਕੇਸਾਂ ਬਾਰੇ ਗੁਰਬਾਣੀ ਵਿਚ ਇਸ ਤਰ੍ਹਾਂ ਵਰਨਣ ਹੈ :—

(ੳ) ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ ॥੧॥੪੨॥ (੭੪੫)
(ਅ) ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ ॥੧॥੨੦॥ (੫੦੦)
(ੲ) ਕੇਸੀ ਕੰਸ ਮਥਨੁ ਜਿਨਿ ਕੀਆ ॥੪॥੧॥੫॥ (੮੭੪)

ਇਹ ਤੁੱਕਾਂ ਦਸਦੀਆਂ ਹਨ ਕਿ ਕੇਸਾਂ ਦਾ ਮਹੱਤਵ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਪਹਿਲਾਂ ਵੀ ਮੰਨਿਆ ਜਾਂਦਾ ਸੀ। ਅਕਾਲ ਪੁਰਖ ਦਾ ਸਰਗੁਣ ਸਰੂਪ ਬਿਆਨ ਕਰਦਿਆਂ ਗੁਰਬਾਣੀ ਵਿਚ ਫੁਰਮਾਨ ਹੈ—

ਸੋਹਣੇ ਨਕ ਜਿਨ ਲੰਮੜੇ ਵਾਲਾ ॥੭॥ (੫੬੭)

"ਗੁਰਮਤਿ ਮਾਰਤੰਡ" ਕ੍ਰਿਤ ਭਾਈ ਕਾਨ੍ਹ ਸਿੰਘ ਜੀ ਨਾਭਾ ਪੰਨਾ ੩੦੯ ਅਨੁਸਾਰ, ਕਪਾਲ (ਸਿੱਖ ਦੀ ਖੋਪਰੀ) ਉਪਰ ਜੋ ਰੋਮ ਹਨ, ਉਨ੍ਹਾਂ ਦੀ ਸੰਗਿਆ ਕੇਸ਼ ਹੈ, ਪਰ ਸਿੱਖ ਮੱਤ ਵਿਚ ਦਾੜ੍ਹੀ, ਮੁੱਛਾਂ (ਅਤੇ ਸਰੀਰ) ਦੇ ਸਾਰੇ ਰੋਮ ਭੀ ਕੇਸ ਹੀ ਮੰਨੇ ਗਏ ਹਨ।

ਕੰਘੇ ਦਾ ਸਿੱਧਾ ਸੰਬੰਧ ਕੇਸਾਂ ਨਾਲ ਹੋਣ ਕਰਕੇ ਉਪਰਲੀ ਵਿਚਾਰ ਦੇਣੀ ਜ਼ਰੂਰੀ ਸੀ। ਭਾਈ ਕਾਨ੍ਹ ਸਿੰਘ ਜੀ ਨਾਭਾ "ਗੁਰਮਤਿ ਮਾਰਤੰਡ" ਦੇ ਪੰਨਾ ੩੧੩ ਉਤੇ ਲਿਖਦੇ ਹਨ :—

> "ਕੇਸਾਂ ਦੀ ਸਾਫ਼ ਰਖਣ ਲਈ ਕੰਘੇ ਦੀ ਵੱਡੀ ਜ਼ਰੂਰਤ ਹੈ।....."

ਅੱਗੇ ਚਲ ਕੇ ਇਸੇ ਸਫੇ ਉਤੇ ਫੁਟ ਨੋਟ ਦੇਂਦਿਆਂ ਲਿਖਦੇ ਹਨ—

> "ਕੰਘਾ ਕਰਨ ਵੇਲੇ ਰੁਮਾਲ ਅੱਗੇ ਵਿਛਾ ਲੈਣਾ ਚਾਹੀਏ। ਰੁਮਾਲ ਤੇ ਡਿੱਗੇ ਕੇਸ ਅਤੇ ਕੰਘੇ ਨਾਲ ਨਿਕਲੇ ਹੋਏ ਕੇਸ, ਕਿਸੇ ਗੁਥੀ ਜਾਂ ਬਰਤਨ ਵਿਚ ਸਾਂਭ ਰੱਖਣੇ ਚਾਹੀਏ ਤਾਂਕਿ ਖਾਨ-ਪਾਨ ਦੇ ਪਦਾਰਥਾਂ ਵਿਚ ਨਾ ਮਿਲ ਜਾਣ। ਜਦ ਇਹ ਕੇਸ ਬਹੁਤ ਜਮ੍ਹਾ ਹੋ ਜਾਣ ਤਾਂ ਅਗਨਿ-ਭੇਟ ਕਰ ਦੇਣੇ ਚਾਹੀਏ।"

---

* ਕੇਸ ਤਾਂ ਹਰ ਵੇਲੇ ਸਰੀਰ ਦੇ ਨਾਲ ਹਨ। ਕਿਰਪਾਨ, ਕਛਹਿਰੇ, ਕੰਘੇ ਤੇ ਕੜੇ ਵਾਂਗ ਕੇਸ ਨਹੀਂ ਹਨ। ਬਾਕੀ ਕਕਾਰ ਸਰੀਰ ਤੋਂ ਵਖ ਹੋ ਸਕਦੇ ਹਨ, ਪਰ ਕੇਸ ਨਹੀਂ। ਪੰਜਵਾਂ ਵਖਰਾ ਕਕਾਰ,ਕੇਸਾਂ ਦੀ ਸੰਭਾਲ ਲਈ ਕੇਸਕੀ(ਛੋਟੀ ਦਸਤਾਰ) ਹੈ। ਕੇਸ ਤਾਂ ਗੁਰੂ ਦੀ ਮੋਹਰ ਹਨ। ਕੇਸਾਂ ਦੇ ਵਖ ਹੋਣ ਨਾਲ "ਸਿਖ' ਸਿਖ ਹੀ ਨਹੀਂ ਰਹਿੰਦਾ, ਪਤਿਤ ਹੋ ਜਾਂਦਾ ਹੈ, ਜਦ ਕਿ ਬਾਕੀ ਕਕਾਰਾਂ ਦੇ ਵਖ ਹੋਣ ਨਾਲ ਸਿਖ ਤਨਖਾਹੀਆ ਹੈ, ਪਤਿਤ ਨਹੀਂ। —ਸੰਪਾਦਕ



www.AKJ.Org

ਇਹ ਟੂਕਾਂ ਦਸਦੀਆਂ ਹਨ ਕਿ ਕੰਘੇ ਦਾ ਸੰਬੰਧ ਕੇਵਲ ਕੇਸਾਂ ਦੀ ਸਫਾਈ ਨਾਲ ਹੈ। ਸਫਾਈ ਨੂੰ ਰਬਤਾ ਤੋਂ ਦੂਸਰੇ ਦਰਜੇ ਤੇ ਮੰਨਿਆ ਗਿਆ ਹੈ। ਮਨ ਦੀ ਸਫਾਈ ਵੀ ਤਾਂ ਹੀ ਕਾਇਮ ਰਹਿੰਦੀ ਹੈ, ਜੇ ਕਰ ਸਰੀਰਕ ਸਫਾਈ ਵੱਲ ਉਚੇਚਾ ਧਿਆਨ ਦਿੱਤਾ ਜਾਵੇ। ਜੋ ਵਿਅਕਤੀ ਆਪਣੇ ਆਪ ਨੂੰ ਧਾਰਮਿਕ ਕਹਾਉਂਦਾ ਹੈ ਪਰ ਉਹ ਆਪਣੇ ਸਰੀਰ ਦੀ ਸਫਾਈ ਵੱਲ ਅਣਗਹਿਲੀ ਵਿਖਾਉਂਦਾ ਹੈ, ਉਹ ਸਚਮੁਚ ਆਪਣੇ ਧਰਮੀ ਹੋਣ ਦਾ ਮੌਜੂ ਉਡਾਉਂਦਾ ਹੈ। ਸਰੀਰਕ ਕ੍ਰਿਆ ਨੂੰ ਸਾਧਣਾ, ਦਾਤਣ, ਕੁਰਲਾ, ਮੰਜਨ ਆਦਿ ਕਰਨਾ, ਇਸ਼ਨਾਨ ਕਰਨਾ, ਸਵੱਛ ਬਸਤਰ ਪਹਿਨਣਾ, ਕੇਸ ਸਾਫ ਰੱਖਣੇ ਮਨੁੱਖ ਨੂੰ ਚੁਸਤ ਰੱਖਣ ਵਿਚ ਵੀ ਸਹਾਇਕ ਹੁੰਦੇ ਹਨ। ਅਰੋਗ ਰਹਿਣ ਲਈ ਵਿਅਕਤੀ ਨੂੰ ਸਰੀਰਕ ਸਫ਼ਾਈ ਦੀ ਬਹੁਤ ਲੋੜ ਹੁੰਦੀ ਹੈ ਤੇ ਅਰੋਗ ਸਰੀਰ ਵਿਚ ਹੀ ਅਰੋਗ ਮਨ ਹੋ ਸਕਦਾ ਹੈ, ਅਤੇ ਮਨ ਦੀ ਅਰੋਗਤਾ ਹੀ ਵਿਅਕਤੀ ਨੂੰ ਧਰਮੀ ਜਾਂ ਸੁਚੱਜਾ ਹੋਣ ਵਿਚ ਸਹਾਈ ਹੋ ਸਕਦੀ ਹੈ। ਅਕਾਲ ਪੁਰਖ ਨੇ ਇਹ ਮਨੁਖਾ-ਸਰੀਰ ਭੰਗ ਦੇ ਭਾੜੇ ਗੁਆਉਣ ਲਈ ਨਹੀਂ ਦਿੱਤਾ, ਸਗੋਂ ਇਸ ਤੋਂ ਵੱਧ ਤੋਂ ਵੱਧ ਕਾਰਜ ਲੈ ਕੇ ਇਸ ਨੂੰ ਲੋਕ-ਭਲੇ ਦੇ ਕੰਮਾਂ ਵਿਚ ਲਗਾਉਣ ਲਈ ਦਿੱਤਾ ਹੈ। ਅਜਿਹਾ ਤਾਂ ਹੀ ਹੋ ਸਕਦਾ ਹੈ ਜੇਕਰ ਸਰੀਰਕ ਅਰੋਗਤਾ ਵੱਲ ਉਚੇਚਾ ਧਿਆਨ ਦਿੱਤਾ ਜਾਵੇ। ਸਤਿਗੁਰ ਨੇ ਇਸ ਦੇਹੀ ਨੂੰ ਪਾਲਣ ਦੀ ਪ੍ਰੇਰਨਾ ਦਿਤੀ ਹੈ। ਨੇਤਰ, ਕੰਨ, ਰਸਨਾ, ਹੱਥ, ਪੈਰ ਅਥਵਾ ਸਰੀਰ ਦਾ ਹਰ ਅੰਗ ਸਾਨੂੰ ਕੁਝ ਕਰਨ ਦੀ ਪ੍ਰੇਰਨਾ ਦਿੰਦਾ ਹੈ। ਪਰ ਸਰੀਰਕ ਅੰਗ ਤਾਂ ਹੀ ਕੁਝ ਕਰਨ ਦੀ ਪ੍ਰੇਰਨਾ ਦੇਣਗੇ ਜੇਕਰ ਉਹਨਾਂ ਦੀ ਸੰਭਾਲ ਵੱਲ ਅਸੀਂ ਉਚੇਚਾ ਧਿਆਨ ਦਿਆਂਗੇ। ਅਸੀਂ ਇਹਨਾਂ ਅੰਗਾਂ ਨਾਲ ਗੱਲਾਂ ਕਰਾਂਗੇ (ਜਿਸਤਰ੍ਹਾਂ ਗੁਰੂ ਅਮਰਦਾਸ ਸਾਹਿਬ ਨੇ ਅਨੰਦ ਸਾਹਿਬ ਵਿਚ ਕਰਕੇ ਸਾਨੂੰ ਜਾਚ ਦੱਸੀ ਹੈ), ਇਹਨਾਂ ਦੀ ਦੇਖ-ਭਾਲ ਕਰਾਂਗੇ, ਇਹਨਾਂ ਨੂੰ ਸਵੱਛ ਤੇ ਅਰੋਗ ਰੱਖਣ ਦੇ ਯਤਨ ਕਰਾਂਗੇ। ਇਹਨਾਂ ਦੀ ਹੋਂਦ ਤੇ ਗੌਰਵ ਮਹਿਸੂਸ ਕਰਾਂਗੇ। ਪਰ ਜੇ ਅਸੀਂ ਇਹਨਾਂ ਅੰਗਾਂ ਨੂੰ ਵਾਧੂ ਤੇ ਵਿਅਰਥ ਸਮਝਾਂਗੇ ਤਾਂ ਇਹ ਵੀ ਸਾਨੂੰ ਸਹਿਯੋਗ ਨਹੀਂ ਦੇਣਗੇ।

ਕੇਸ ਸਾਡੇ ਸਰੀਰ ਦੇ ਜ਼ਰੂਰੀ ਤੇ ਲੋੜੀਂਦੇ ਅਤੇ ਗੌਰਵ-ਮਈ ਅੰਗ ਹਨ ਤੇ ਉਹਨਾਂ ਦੀ ਸੰਭਾਲ-ਸਫਾਈ ਵੀ ਉਤਨੀ ਹੀ ਜ਼ਰੂਰੀ ਹੈ ਜਿਤਨੀ ਹੋਰ ਅੰਗਾਂ ਦੀ, ਸਗੋਂ ਕੇਸਾਂ ਦਾ ਸੰਬੰਧ ਸਾਡੇ ਸਿਰ ਨਾਲ ਹੋਣ ਕਰਕੇ ਇਹ ਸਾਡਾ ਸ਼੍ਰੋਮਣੀ ਅੰਗ ਹੈ*। ਕੇਸਾਂ ਦੀ ਸਫਾਈ ਸਾਬਣ, ਰੀਠੇ, ਦਹੀਂ, ਸ਼ੈਂਪੂ, ਆਦਿ ਵਸਤੂਆਂ ਨਾਲ ਲੋੜ ਅਨੁਸਾਰ ਹਫਤੇ ਵਿਚ ਇਕ ਦੋ ਵਾਰੀ ਮੌਸਮ ਅਨੁਸਾਰ ਗਰਮ ਜਾਂ ਠੰਡੇ ਪਾਣੀ ਨਾਲ ਕਰਨੀ ਅਤਿ ਜ਼ਰੂਰੀ ਹੈ। ਕੇਸਾਂ ਦੀ ਸਫ਼ਾਈ ਲਈ ਕੰਘਾ ਇਕ ਵਧੀਆ ਤੇ ਲੋੜੀਂਦਾ ਸਾਧਨ ਹੈ।

ਹਰ ਰੋਜ਼ ਦੋ-ਤਿੰਨ ਵਾਰ ਕੇਸਾਂ ਵਿਚ ਕੰਘਾ ਫੇਰਨ ਨਾਲ ਸਫ਼ਾਈ ਤੋਂ ਛੁੱਟ ਜੋ ਰਗੜ ਪੈਦਾ ਹੁੰਦੀ ਹੈ, ਉਸ ਦਾ ਕੇਸਾਂ ਲਈ ਵਿਗਿਆਨਕ ਮਹੱਤਵ ਹੈ। ਕੇਸਾਂ ਵਿਚ ਕੰਘਾ ਕਰਨ ਨਾਲ ਸਿਰ ਨੂੰ ਤਾਕਤ ਮਿਲਦੀ ਹੈ। ਸਿਰ-ਦਰਦ ਹੁੰਦਾ ਹੋਵੇ, ਦਸਤਾਰ ਉਤਾਰ ਕੇ ਹੌਲੀ ਹੌਲੀ ਕੰਘਾ ਕਰੋ, ਸਿਰ ਦਰਦ ਹਟ ਜਾਂਦਾ ਹੈ। ਮਾਨਿਸਕ ਚਿੰਤਾ ਨੂੰ ਦੂਰ ਕਰਨ ਦਾ ਸਭ ਤੋਂ ਸੌਖਾ ਆਯੁਰਵੈਦਕ ਢੰਗ ਕੇਸਾਂ ਵਿਚ ਪੋਲਾ-ਪੋਲਾ ਕੰਘਾ ਫੇਰਨਾ ਹੈ। ਜਿਵੇਂ ਜਿਵੇਂ ਕੰਘਾ ਫਿਰੇਗਾ, ਮਾਨਸਿਕ ਚਿੰਤਾ ਤੋਂ ਰਾਹਤ ਮਿਲੇਗੀ।

ਕੰਘਾ ਕੇਵਲ ਦਿਖਾਵੇ ਦਾ ਚਿੰਨ੍ਹ ਨਹੀਂ, ਸਗੋਂ ਮਹੱਤਵ-ਪੂਰਨ ਲੋੜੀਂਦੀ ਚੀਜ਼ ਹੈ। ਨਵੀਂ ਵਿਗਿਆਨਕ ਖੋਜ ਨੇ ਸਿੱਧ ਕੀਤਾ ਹੈ ਕਿ ਪਲਾਟਸਕ ਦਾ ਕੰਘਾ ਕੇਸਾਂ ਲਈ ਹਾਨੀਕਾਰਕ ਹੈ, ਕਿਉਂਕਿ ਉਸ ਨਾਲ ਅਚੱਲ ਬਿਜਲੀ ਪੈਦਾ ਹੁੰਦੀ ਹੈ, ਜੋਹੜੀ ਕੇਸਾਂ ਦੇ ਮੂਲ ਸੋਮੇ ਨੂੰ ਨੁਕਸਾਨ ਪੁਚਾਂਦੀ ਹੈ।

ਸਾਇੰਸ ਨੇ ਅੱਜ ਜੋ ਤਰੱਕੀ ਕੀਤੀ ਹੈ, ਉਸ ਦੇ ਆਧਾਰ ਤੇ ਇਸ ਤੱਥ ਦਾ ਪਤਾ ਲੱਗਾ ਹੈ। ਪਰ,

* ਗੁਰਮਤਿ ਅਨੁਸਾਰ ਨਿਤ ਅੰਮ੍ਰਿਤ ਵੇਲੇ ਸਰੀਰਕ ਇਸ਼ਨਾਨ ਕਰਨ ਦਾ ਹੁਕਮ ਹੈ। ਪੂਰਾ ਇਸ਼ਨਾਨ ਸੀਸ ਸਮੇਤ ਹੈ। ਚੇਤੰਨਤਾ ਪੂਰਤ ਸਾਵਧਾਨਤਾ ਸਕੇਸ਼ ਇਸ਼ਨਾਨ ਸਮੇਤ ਹੀ ਆਉਂਦੀ ਹੈ। ਜਿਨ੍ਹਾਂ ਨੂੰ ਨਾਮ ਦੀਆਂ ਉਚ-ਆਤਮ-ਅਟਾਰੀਆਂ ਵਿਖੇ ਖੇਲਣ ਦੀ ਤਾਂਘ ਨਹੀਂ ਉਨ੍ਹਾਂ ਨੂੰ ਕੀ ਕਦਰ ਕੇਸੀ ਇਸ਼ਨਾਨ ਦੀ ? ਗੁਰੂ ਕੇ ਆਗਿਆਕਾਰੀ ਸਿਖ ਇਸ਼ਨਾਨ ਸਮੇਂ ਨਿਤ ਕੇਸੀਂ ਜਲ ਪਾਉਂਦੇ ਹਨ। —ਭਾ: ਸਾ: ਰਣਧੀਰ ਸਿੰਘ ਜੀ, ਪੁਸਤਕ, 'ਗੁਰਮਤਿ ਬਿਬੇਕ'



www.AKJ.Org

ਕਮਾਲ ਹੈ ਕਿ ਗੁਰੂ ਕਲਗੀਧਰ ਪਾਤਸ਼ਾਹ ਨੇ ਅੱਜ ਤੋਂ ੩੦੦ ਸਾਲ ਪਹਿਲਾਂ ਇਹ ਤੱਥ ਜਾਣ ਲਿਆ ਸੀ ਤੇ ਕੇਸਾਂ ਦੀ ਸਫਾਈ ਵਾਸਤੇ ਕੰਘੇ ਨੂੰ ਪੰਜ ਕਕਾਰਾਂ ਵਿਚ ਸ਼ਾਮਲ ਕਰ ਦਿੱਤਾ ਸੀ। ਕਿਰਪਾਨ, ਕੜਾ ਤੇ ਕਛਹਿਰਾ ਜਿਥੇ ਆਪਣੀ ਆਪਣੀ ਥਾਂ ਤੇ ਆਪਣੀ ਨਿਵੇਕਲੀ ਵਿਸ਼ੇਸ਼ਤਾ ਰੱਖਦੇ ਹਨ ਤੇ ਖ਼ਾਸ-ਖ਼ਾਸ ਭਾਵਨਾ ਦੇ ਪ੍ਰਤੀਕ ਹਨ, ਉਥੇ ਕੰਘਾ ਵੀ ਕੋਈ ਨਿਗੁਣੀ ਚੀਜ਼ ਨਹੀਂ। ਇਸ ਦੀ ਵਾਸਤਵ ਵਿਚ ਬੜੀ ਮਹੱਤਤਾ ਹੈ। ਭਾਈ ਨੰਦ ਲਾਲ ਜੀ ਦੇ ਤਨਖਾਹਨਾਮੇ ਵਿਚ ਦਰਜ ਹੈ—

ਕੰਘਾ ਦੋਨੋ ਵਕਤ ਕਰ ਪਾਗ ਚੁਨਹਿ ਕਰ ਬਾਂਧਈ।
ਦਾਤਨ ਨੀਤ ਕਰੇਇ, ਨ ਦੁਖ ਪਾਵਹਿ ਲਾਲ ਜੀ।

ਭਾਵ ਇਹ ਹੈ ਕਿ ਜੋ ਵਿਅਕਤੀ (ਸਿੰਘ) ਦੋਵੇਂ ਵੇਲੇ ਕੰਘਾ ਕਰ ਕੇ,ਕੇਸ ਸਾਫ ਸੁਥਰੇ ਤੇ ਸੰਵਾਰ ਕੇ ਰੱਖਦਾ ਹੈ. ਦਸਤਾਰ ਸੋਹਣੀ ਤਰ੍ਹਾਂ ਸਜਾਂਦਾ ਹੈ (ਬੰਨ੍ਹੀ ਬੰਨ੍ਹਾਈ ਟੋਪੀ ਵਾਂਗ ਸਿਰ ਤੇ ਨਹੀਂ ਰਖ ਲੈਂਦਾ) ਮੂੰਹ ਦਾਤਣ ਆਦਿ ਨਾਲ ਸਾਫ਼ ਕਰ ਕੇ ਚੁਲੀ ਕਰਦਾ ਤੇ ਨਿਰਮਲ ਰੱਖਦਾ ਹੈ, ਉਹ ਅਨੇਕ ਰੋਗਾਂ ਤੋਂ ਬਚ ਕੇ ਸੁਖੀ ਰਹਿੰਦਾ ਹੈ।

ਇਸ ਲਈ ਹੋਰ ਸਰੀਰਕ ਅੰਗਾਂ ਦੇ ਨਾਲ ਨਾਲ ਕੇਸਾਂ ਦੀ ਸਫ਼ਾਈ ਵੀ ਬੜੀ ਜ਼ਰੂਰੀ ਹੈ ਤੇ ਕੰਘਾ ਉਸ ਲਈ ਸਭ ਤੋਂ ਉੱਤਮ ਵਸਤੂ ਹੈ।

ਅੱਜ ਦੇ ਫੈਸ਼ਨੇਬਲ ਯੁੱਗ ਵਿਚ ਕੀ ਮਰਦ, ਕੀ ਇਸਤ੍ਰੀਆਂ ਆਪਣੇ ਕੇਸਾਂ ਦੀ ਸਫਾਈ, ਸੰਭਾਲ ਤੇ ਫ਼ੈਸ਼ਨ ਲਈ ਕੰਘੀ ਜਾਂ ਕੰਘਾ ਆਪਣੇ-ਪਾਸ ਰੱਖਦੇ ਹਨ, ਪਰ ਜੋ ਮਹੱਤਤਾ ਇਸ ਦੀ ਕੇਸਾਂ ਨੂੰ ਸੰਵਾਰ ਕੇ ਕੇਸਾਂ ਵਿਚ ਦਸਤਾਰ ਤੇ ਦੁਪੱਟੇ ਦੇ ਥੱਲੇ ਰੱਖਣ ਦੀ ਹੈ* ਉਹ ਪਰਸਾਂ ਵਿਚ ਪਾ ਕੇ ਜਾਂ ਜੇਬਾਂ ਵਿਚ ਪਾ ਕੇ ਰੱਖਣ ਵਿਚ ਨਹੀਂ। ਜੇ ਕੰਘੇ ਦੇ ਦੰਦਿਆਂ ਵਿਚ ਹੀ ਮੈਲ ਫਸੀ ਹੋਵੇ ਤੇ ਮਿੱਟੀ-ਘੱਟੇ ਦੇ ਅੰਸ਼ ਉਸ ਵਿਚ ਮੌਜੂਦ ਹੋਣ ਤਾਂ ਉਹ ਕੇਸਾਂ ਦੀ ਸਫਾਈ ਦੀ ਥਾਂ ਸਗੋਂ ਕੇਸਾਂ ਨੂੰ ਮੈਲਿਆਂ ਰਖੇਗਾ; ਇਸ ਤਰ੍ਹਾਂ ਕਈ ਪ੍ਰਕਾਰ ਦੇ ਰੋਗ ਵੀ ਲੱਗ ਸਕਦੇ ਹਨ। ਕੰਘੇ ਦੇ ਦੰਦੇ ਬਹੁਤ ਤੇਜ਼ ਤੇ ਖੁਰਦਰੇ ਨਹੀਂ ਹੋਣੇ ਚਾਹੀਦੇ, ਨਹੀਂ ਤਾਂ ਕੇਸਾਂ ਦੇ ਥੱਲੇ ਖੱਲੜੀ ਨੂੰ ਜ਼ਖਮ ਹੋ ਸਕਦਾ ਹੈ।

ਕੰਘਾ ਪੰਜ ਕਕਾਰਾਂ ਵਿਚ ਸ਼ਾਮਲ ਹੈ, ਪਰ ਅਫਸੋਸ ਕਿ ਪੰਜ-ਕਕਰਾਂ ਨੂੰ ਕੇਵਲ ਚਿੰਨ੍ਹ ਹੀ ਸਮਝਿਆ ਜਾਣ ਲੱਗ ਪਿਆ ਹੈ ਤੇ ਇੰਨ੍ਹਾਂ ਦੀ ਅੰਦਰਲੀ ਮਹੱਤਤਾ ਤੋਂ ਬੇਖ਼ਬਰ ਹੋ ਕੇ ਕੇਵਲ ਬਾਹਰਲੇ ਵਿਖਾਵੇ ਉਤੇ ਸਾਰਾ ਜ਼ੋਰ ਲੱਗ ਰਿਹਾ ਹੈ। ਗੁਰਬਾਣੀ ਵਿਚ ਬਾਹਰਲੇ ਚਿੰਨ੍ਹਾਂ ਤੇ ਟੀਕਾ-ਟਿਪਣੀ ਕੀਤੀ ਗਈ ਹੈ ਤੇ ਅੰਤ੍ਰੀਵ ਜੀਵਨ ਨਾਲ ਉਹਨਾ ਨੂੰ ਜੋੜਨ ਦੀ ਸਿੱਖਿਆ ਦਿੱਤੀ ਗਈ ਹੈ। ਜੇ ਗੁਰੂ ਸਾਹਿਬ ਬ੍ਰਾਹਮਣ ਦੀ ਧੋਤੀ ਟਿਕੇ, ਜੰਞੂ ਤੇ ਹੋਰ ਬਾਹਰਲੇ ਚਿੰਨ੍ਹਾਂ ਤੇ ਕਟਾਖਸ਼ ਕਰ ਸਕਦੇ ਸਨ ਤਾਂ ਫੇਰ ਉਹ ਕੜਾ, ਕਿਰਪਾਨ, ਕੰਘਾ ਤੇ ਕਛਹਿਰਾ ਕੇਵਲ ਚਿੰਨ੍ਹ ਦੇ ਤੋਰ ਤੇ ਧਾਰਨ ਕਰਨ ਲਈ ਕਦੇ ਵੀ ਨਹੀਂ ਸਨ ਆਖ ਸਕਦੇ, ਸਗੋਂ ਇਨ੍ਹਾਂ ਚਿੰਨ੍ਹਾਂ ਦੀ ਵਰਤੋਂ ਪਿਛੇ ਕੋਈ ਇਨਕਲਾਬੀ ਜੁਗਤ ਸੀ, ਜੋ ਉਹ ਆਪਣੇ "ਖਾਲਸਾ" ਨੂੰ ਸਿਖਾਉਣਾ ਚਾਹੁੰਦੇ ਸਨ। ਸਿੱਖ ਰਹਿਤਨਾਮਿਆਂ ਵਿਚ ਕਈ ਥਾਵਾਂ ਤੇ ਰਹਿਤ ਵਿਚ ਪ੍ਰਪੱਕ ਹੋਣ ਦੀ ਪ੍ਰੇਰਨਾ ਹੈ। ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਦੇ ਇਹ ਸ਼ਬਦ :—

ਰਹਣੀ ਰਹੈ ਸੋਈ ਸਿੱਖ ਮੇਰਾ। ਉਹ ਠਾਕੁਰੁ ਮੈਂ ਉਸ ਕਾ ਚੇਰਾ ॥੮੬॥
ਰਹਤ ਬਿਨਾ ਨਹਿ ਸਿੰਘ ਕਹਾਵੈ। ਰਹਤ ਬਿਨਾ ਦਰ ਚੋਟਾਂ ਖਾਵੈ।...
ਰਹਤ ਬਿਨਾ ਸੁਖ ਕਬਹੂ ਨ ਲਹੈ। ਤਾਂ ਤੇ ਰਹਤ ਸੁ ਦ੍ਰਿੜ ਕਰ ਗਹੈ ॥੮੯॥

ਇਸ ਪ੍ਰਥਾਏ ਦੱਸਣ ਲਈ ਕਾਫੀ ਪ੍ਰਮਾਣ ਹਨ। ਪਰ ਗੁਰੂ ਸਾਹਿਬ ਨੇ ਕਦੇ ਵੀ ਕੇਵਲ ਬਾਹਰਲੇ ਚਿੰਨ੍ਹਾਂ ਨੂੰ ਧਾਰਨ ਕਰ ਲੈਣਾਂ, ਸਿੱਖੀ ਸਰੂਪ ਨੂੰ ਸੰਪੂਰਨ ਹੋਇਆ ਮੰਨ ਲੈਣਾ ਨਹੀਂ ਆਖਿਆ। ਸਗੋਂ ਰਹਿਣੀ ਤੋਂ ਭਾਵ

* ਛੋਟੀ ਦਸਤਾਰ (ਕੇਸਕੀ) ਤੋਂ ਬਿਨਾਂ ਕੰਘਾ ਕੇਸਾਂ ਵਿਚ ਟਿਕਿਆ ਨਹੀਂ ਰਹਿ ਸਕਦਾ। —ਸੰਪਾਦਕ


www.AKJ.Org

ਉਹ ਜੀਵਨ-ਜਾਚ ਹੈ, ਜੋ ਸਾਡੀ ਸ਼ਖ਼ਸੀ ਤੇ ਪੰਥਕ ਦੋਹਾਂ ਹਾਲਤਾਂ ਵਿਚ ਅਗਵਾਈ ਕਰੇ। ਜਿਸ ਤੋਂ ਸਾਡੀ ਸਰੀਰਕ ਤੇ ਮਾਨਸਿਕ ਦੋਵੇਂ ਅਵਸਥਾਵਾਂ ਚੜ੍ਹਦੀਆਂ ਕਲਾਂ ਵਾਲੀਆਂ ਹੋਣ, ਜਿਨ੍ਹਾਂ ਦੀ ਹੋਂਦ ਸਾਨੂੰ ਸਮਾਜ ਵਿਚ ਉਜਾਗਰ ਕਰੇ।

ਪ੍ਰਿੰਸੀਪਲ ਜੋਧ ਸਿੰਘ ਜੀ "ਗੁਰਮਤਿ ਨਿਰਣਯ" ਦੇ ਪੰਨਾ ੨੮੮ ਉਤੇ ਲਿਖਦੇ ਹਨ :

> "ਪੰਜ ਕਕਾਰ ਖਾਲਸੇ ਦਾ ਦ੍ਰਿਸ਼ਟਮਾਨ ਚਿੰਨ੍ਹ ਹਨ, ਨਾ ਕਿ ਸਾਰੀ ਰਹਤ। ਉਹ ਕਿਸੇ ਅੰਤ੍ਰੀਵ ਜੀਵਨ ਦੇ ਲਖਾਇਕ ਹਨ।"

ਇਸ ਦਾ ਭਾਵ ਇਹ ਹੈ ਕਿ ਜੇ ਕੰਘਾ ਸਾਨੂੰ ਕੇਸਾਂ ਦੀ ਸਫਾਈ ਤੇ ਸੰਭਾਲ ਲਈ ਦਿੱਤਾ ਗਿਆ ਹੈ ਤਾਂ ਕੇਵਲ ਕੰਘਾ ਰੱਖ ਲੈਣ ਨਾਲ ਹੀ ਕੋਈ ਵਿਅਕਤੀ ਸਿੱਖ ਨਹੀਂ ਹੋ ਜਾਂਦਾ। ਸੰਸਾਰ ਭਰ ਦੇ ਸਭ ਲੋਕ ਆਪਣੇ ਵਾਲਾਂ ਨੂੰ ਕੰਘੀ, ਬੁਰਸ਼ ਜਾਂ ਕਿਸੇ ਹੋਰ ਢੰਗ ਨਾਲ ਰੋਜ਼ ਵਾਂਹਦੇ ਸੁਆਰਦੇ ਹਨ ਤੇ ਕਈ ਸ਼ੁਕੀਨੀ ਤੇ ਵਿਖਾਵੇ ਲਈ ਉਸ ਨੂੰ ਸਿਰ ਦੇ ਪਿਛੇ ਜਾਂ ਕਿਸੇ ਹੋਰ ਥਾਂ ਤੇ ਲਗਾ ਵੀ ਲੈਂਦੇ ਹਨ, ਪਰ ਇਸ ਦਾ ਇਹ ਭਾਵ ਕਦਾਚਿਤ ਨਹੀਂ ਕਿ ਉਹ ਸਿੱਖ ਹੋ ਗਏ ਹਨ। ਅਸਲ ਵਿਚ ਕੰਘੇ ਦੇ ਚਿੰਨ੍ਹ ਪਿਛੇ ਜੋ ਭਾਵਨਾ ਦੱਸੀ ਗਈ ਹੈ ਉਸ ਨੂੰ ਰੋਜ਼ ਅਪਨਾਉਣ ਤੇ ਰੋਜ਼ ਦੇ-ਜੀਵਨ ਵਿਚ ਵਰਤੋਂ ਵਿਚ ਲਿਆਉਣ ਦੀ ਲੋੜ ਹੈ। ਕੇਵਲ ਕੇਸਾਂ ਦੀ ਸਫਾਈ ਹੀ ਨਹੀਂ, ਸਗੋਂ ਸਰੀਰ ਦੇ ਹਰ ਅੰਗ ਦੀ ਸਫਾਈ, ਤੇ ਵਧ ਤੋਂ ਵੱਧ ਸਾਡੇ ਮਨ ਦੀ ਸਫਾਈ, ਸਾਡੇ ਕਿਰਦਾਰ ਦੀ ਸਫਾਈ, ਸਾਡੇ ਜੀਵਨ ਦੇ ਹਰ ਖੇਤਰ ਵਿਚ ਸਫਾਈ ਤੇ ਨੇਕ-ਨੀਯਤੀ ਨਾਲ ਚੱਲਣ ਦੀ ਲੋੜ ਹੈ। ਪਰ ਅਸਾਂ ਤਾਂ ਪੰਜਾਂ ਕਕਾਰਾਂ ਨੂੰ ਕੇਵਲ ਚਿੰਨ੍ਹ ਸਮਝ ਛਡਿਆ ਹੈ। ਇਸੇ ਲਈ ਕੰਘੇ ਦੇ ਉਤੇ ਚਿੰਨ੍ਹ-ਰੂਪੀ ਖੰਡਾ ਤੇ ਕਿਰਪਾਨ ਲਗਾ ਕੇ ਅਸਾਂ ਸਮਝ ਲਿਆ ਹੈ ਕਿ ਅਸਾਂ ਕਲਗੀਧਰ ਪਾਤਸ਼ਾਹ ਦੀ ਦੱਸੀ ਰਹਿਤ ਧਾਰਨ ਕਰ ਲਈ ਹੈ। ਮੁਆਫ਼ ਕਰਨਾ ਅਜਿਹਾ ਕੰਘਾ ਸਾਡੇ ਕੇਸਾਂ ਵਿਚ ਰਹਿਣ ਦੀ ਥਾਂ ਸਾਡੇ ਬਟੂਏ ਵਿਚ, ਪਰਸ ਵਿਚ, ਬ੍ਰੀਫ਼-ਕੇਸ ਵਿਚ ਤੇ ਸ਼ਿਗਾਰ-ਮੇਜ਼ ਦਾ ਸ਼ਿੰਗਾਰ ਬਣ ਜਾਏਗਾ ਤੇ ਅਸੀਂ ਬੜੇ ਮਾਣ ਨਾਲ ਕਿਹਾ ਕਰਾਂਗੇ, ਕਿ ਅਸੀਂ ਤਾਂ ਗੁਰੂ ਗੋਬਿਦ ਸ਼ਿੰਘ ਸਾਹਿਬ ਦੀ ਦੱਸੀ ਹੋਈ ਰਹਿਤ-ਮਰਯਾਦਾ ਨੂੰ ਬੜੀ ਚੰਗੀ ਤਰ੍ਹਾਂ ਨਿਭਾ ਰਹੇ ਹਾਂ।

ਕੰਘੇ ਦਾ ਕੇਸਾਂ ਵਿਚ ਹੋਣਾ ਤੇ ਸਾਫ-ਸੁਥਰਾ ਹੋਣਾ ਅਤੇ ਉਸ ਦਾ ਸੋਹਣੀ ਤਰ੍ਹਾਂ ਤੇ ਠੀਕ ਤਰ੍ਹਾਂ ਪ੍ਰਯੋਗ ਕਰਨਾ ਅਤੇ ਹਰ ਵਿਅਕਤੀ ਦਾ ਵੱਖਰਾ ਵੱਖਰਾ ਕੰਘਾ ਹੋਣਾ, ਨਾ ਕਿ ਸਾਰੇ ਟੱਬਰ ਦਾ ਸਾਂਝਾ, ਆਪਣੇ ਆਪ ਵਿਚ ਅਤਿ ਲੋੜੀਂਦਾ ਹੈ। ਅਸਲ ਵਿਚ ਉਹੋ ਭਾਵਨਾ ਸਾਡੇ ਮਨ ਵਿਚ ਹੋਣੀ ਚਾਹੀਦੀ ਹੈ ਜਿਸ ਨੂੰ ਲੈ ਕੇ ਗੁਰੂ ਸਾਹਿਬ ਨੇ ਇਹ ਸਫਾਈ ਦਾ ਸੰਦ ਸਾਨੂੰ ਦਿਤਾ ਸੀ ਅਤੇ ਉਹ ਭਾਵਨਾ ਹੈ ਸਾਡੇ ਕਿਰਦਾਰ ਦੀ ਸਫਾਈ, ਸਾਡੀ ਨੁਹਾਰ ਦੀ ਸਫਾਈ, ਦਸਤਾਰ-ਗੁਫ਼ਤਾਰ ਤੇ ਰਫ਼ਤਾਰ ਵਿਚ ਸਫਾਈ, ਮਨ ਬਚ ਕਰਮ ਦੀ ਸਫ਼ਾਈ। ਜੇ ਅਸੀਂ ਇਸ ਨੂੰ ਸਹੀ ਅਰਥਾਂ ਵਿਚ ਆਪਣੇ ਜੀਵਨ ਵਿਚ ਸਹੀ ਥਾਂ ਦਿਆਂਗੇ ਤਾਂ ਹੀ ਅਸੀਂ ਗੁਰੂ ਸਾਹਿਬ ਦੀ ਦੱਸੀ ਰਹਿਤ ਤੇ ਅਮਲ ਕਰ ਰਹੇ ਹੋਵਾਂਗੇ, ਨਹੀਂ ਤੇ ਕੇਵਲ ਬਹਿਰੂਪੀਆਂ ਵਾਂਗ ਬਾਹਰਲੇ ਚਿੰਨ੍ਹਾਂ ਦਾ ਵਿਖਾਵਾ ਕਰ ਕੇ ਆਪਣਾ ਮਜ਼ਾਕ ਆਪ ਉਡਾ ਰਹੇ ਹੋਵਾਂਗੇ ਤੇ ਅਨ-ਧਰਮਾਂ ਦੇ ਲੋਕਾਂ ਨੂੰ ਆਪਣੇ ਕਕਾਰਾਂ ਤੇ ਕਿੰਤੂ ਕਰਨ ਦਾ ਅਵਸਰ ਦੇ ਰਹੇ ਹੋਵਾਂਗੇ।

---

## 'ਸੂਰਾ' ਦੇ ਅਮਾਨਤੀ ਲਾਈਫ਼ ਮੈਂਬਰਾਂ ਪ੍ਰਤੀ ਸੂਚਨਾ

੧. ਦੇਸ ਅਤੇ ਪ੍ਰਦੇਸ ਵਿਖੇ ਅਮਾਨਤੀ ਲਾਈਫ ਮੈਂਬਰਾਂ ਪਾਸ ਬੇਨਤੀ ਕੀਤੀ ਜਾਂਦੀ ਹੈ ਕਿ ਉਨ੍ਹਾਂ ਵੱਲ ਨਿਕਲਦੇ ਵਧੇ ਹੋਏ ਰੇਟ ਦੇ ਬਕਾਏ ਛੇਤੀ ਭੇਜੇ ਜਾਣ, ਭਾਵ ਦੇਸ ਲਈ ਰੇਟ ੨੫੦ ਰੁਪਏ ਅਤੇ ਪ੍ਰਦੇਸ ਲਈ ੨੦੦੦ ਰੁਪਏ ਪੂਰੇ ਕੀਤੇ ਜਾਵਣ ਜੀ।

੨. ੩੦ ਅਪ੍ਰੈਲ ਤੱਕ ਵਾਧੇ ਦੇ ਸਾਰੇ ਬਕਾਏ ਪੁਜ ਜਾਣੇ ਚਾਹੀਦੇ ਹਨ। ਜਿਨ੍ਹਾਂ ਮੈਂਬਰਾਂ ਵਲੋਂ ਬਕਾਏ ਨਹੀਂ ਪੁਜਣਗੇ, ਉਨ੍ਹਾਂ ਦੀ ਅਮਾਨਤੀ ਲਾਈਫ ਮੈਂਬਰਸ਼ਿਪ ਖਤਮ ਕਰਕੇ ਇਕ ਮਈ ਤੋਂ ਉਨ੍ਹਾਂ ਦੀਆਂ ਜਮ੍ਹਾ ਰਕਮਾਂ ਸਲਾਨਾ ਚੰਦਿਆਂ ਵਿਚ ਬਦਲ ਦਿੱਤੀਆਂ ਜਾਣਗੀਆਂ ਜੀ।



www.AKJ.Org

# ਗੁਰੂ ਤੇਗ ਬਹਾਦਰ ਸਾਹਿਬ

ਗੁਰੂ ਤੇਗ ਬਹਾਦਰ ਸਾਹਿਬ ਦਾ 'ਜੀਵਨ' ਤਿਆਗ, ਗਿਆਨ,ਨਿਡਰਤਾ ਤੇ ਸਹਿਜ ਨਾਲ ਸ਼ਿੰਗਾਰਿਆ ਹਇਆ ਹੈ। ਸਿਖ ਇਤਿਹਾਸ ਵਿਚ ਗੁਰੂ ਤੇਗ ਬਹਾਦਰ ਜੀ ਦਾ ਪਹਿਲਾ ਨਾਮ 'ਤਿਆਗ ਮੱਲ' ਕਰਕੇ ਹੀ ਪ੍ਰਸਿੱਧ ਹੈ। ਬਚਪਨ ਤੋਂ ਸ਼ਹਾਦਤ ਤਕ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਵਿਚ 'ਪਕੜ' ਦੀ ਕੋਈ ਹੋਂਦ ਜਾਂ ਥਾਂ ਨਹੀਂ।

ਸਾਖੀ ਹੈ ਕਿ ਗੁਰੂ ਤੇਗ ਬਹਾਦਰ ਜੀ ਹਾਲਾਂ ਪੰਜ ਸਾਲ ਦੇ ਸਨ। ਗੁਰੂ-ਸਪੁੱਤਰ ਹੋਣ ਕਰਕੇ, ਉਨ੍ਹਾ ਨੇ ਬੜੀ ਸਵੱਛ ਤੇ ਕੀਮਤੀ ਪੁਸ਼ਾਕ ਪਾਈ ਹੋਈ ਸੀ। ਆਪਣੇ ਹਾਣ ਦਾ ਹੀ ਇਕ 'ਬਾਰਿਕ' ਦਿਸ ਪਿਆ, ਜਿਸ ਦਾ ਤਨ ਬਿਲਕੁਲ ਨੰਗਾ ਸੀ। ਸਾਖੀਕਾਰ ਕਹਿੰਦਾ ਹੈ ਕਿ ਗੁਰੂ ਤੇਗ ਬਹਾਦਰ ਪਾਤਿਸ਼ਾਹ ਇਸ ਦਾ ਨੰਗੇਜ ਸਹਿ ਨਾ ਸਕੇ, ਉਨ੍ਹਾਂ ਆਪਣੇ ਕਪੜੇ ਉਤਾਰ ਕੇ ਉਸ ਬੱਚੇ ਨੂੰ ਦੇ ਦਿਤੇ, ਤੇ ਪਿਤਾ ਗੁਰੂ ਹਰਿ ਗੋਬਿੰਦ ਜੀ ਕੋਲ ਜਾ ਨੰਗੇਜ ਢਕਣ ਲਈ ਅਤੇ ਕੀਤੇ ਤਿਆਗ ਦੀ ਅਥਾਹ ਖੁਸ਼ੀ ਮਨਾਈ। ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਤੇ ਸ਼ਹਾਦਤ ਵਿਚੋਂ ਵੀ ਇਹ 'ਆਪਾ ਤਿਆਗ' ਦੀ ਭਾਵਨਾ, ਕੇਂਦਰ-ਬਿੰਦੂ ਬਣ ਕ ਪ੍ਰਚੰਡ ਰੂਪ ਵਿਚ ਉਜਾਗਰ ਹੁੰਦੀ ਹੈ।

ਗੁਰੂ ਤੇਗ ਬਹਾਦਰ ਜੀ ਦਾ ਜਨਮ ੧ ਅਪ੍ਰੈਲ ੧੬੨੧ ਈ: (ਵੈਸਾਖ ਵਦੀ ੫ ੧੬੭੮) ਨੂੰ ਮਾਤਾ ਨਾਨਕੀ ਜੀ ਦੀ ਕੁੱਖੋਂ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਿਹਿ, ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਰਉਪਕਾਰੀ ਤੇ ਯੋਧਾ ਸ਼ਖਸੀਅਤ ਨੇ 'ਤਿਆਗ ਮੱਲ' ਦੀ ਪ੍ਰਤਿਭਾ ਨੂੰ 'ਤੇਗ ਬਹਾਦਰ' ਦੇ ਰੂਪ ਵਿਚ ਢਾਲਣ ਲਈ ਜੋ ਯੋਗਦਾਨ ਪਾਇਆ ਹੈ, ਉਸ ਦਾ ਆਪਣਾ ਇਤਿਹਾਸਕ ਗੌਰਵ ਹੈ, ਪਰ ਕਰਤਾਰਪੁਰ ਦੀ ਜੰਗ ਵਿਚ ੧੩ ਸਾਲ ਦੀ ਉਮਰ ਵਿਚ 'ਤਿਆਗ ਮੱਲ' ਨੇ ਜਿਸ ਬਹਾਦਰੀ ਨਾਲ 'ਤੇਗ' ਵਾਹੀ, ਉਸ ਦਾ ਫਲ ਹੀ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਸਪੁਤਰ 'ਤਿਆਗ ਮੱਲ' ਨੂੰ 'ਤੇਗ ਬਹਾਦਰ' ਦਾ ਵਰਦਾਨ ਦੇ ਕੇ, ਅਗੋਂ ਤੇਗ ਬਹਾਦਰ ਜੀ ਦੇ ਨਾਮ ਨਾਲ ਹੀ ਬੁਲਾਉਣਾ ਸ਼ੁਰੂ ਕਰ ਦਿਤਾ।

ਗੁਰੂ ਤੇਗ ਬਹਾਦਰ ਜੀ ਦੀ ਧਰਮ-ਸਾਧਨਾ, ਭਗਤੀ-ਭਾਵਨਾ ਤੇ ਗੁਰੂ-ਸ਼ਰਨ ਵਿਚ ਰਹਿਣ ਦੀ ਬਿਰਤੀ ਵੀ ਪ੍ਰਚੰਡ ਸੀ। ੧੬੪੪ ਈਸਵੀ ਨੂੰ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤੀ ਜੋਤਿ ਸਮਾ ਗਏ ਤਾਂ ਗੁਰੂ ਤੇਗ ਬਹਾਦਰ ਜੀ ਸ੍ਰੀ ਅੰਮ੍ਰਿਤਸਰ ਛਡਿ ਮਾਤਾ ਨਾਨਕੀ ਜੀ ਤੇ ਸੁਪਤਨੀ ਗੁਜਰੀ ਜੀ ਸਮੇਤ ਬਾਬਾ ਬਕਾਲੇ ਆ ਗਏ। ਬਾਬਾ ਬਕਾਲੇ ਵਿਖੇ ਗੁਰੂ ਤੇਗ ਬਹਾਦਰ ਜੀ ਨੇ ਲਗਾਤਾਰ ੨੦ ਸਾਲ ਇਕਾਗਰ-ਚਿਤ ਤੇ ਸਮਾਧੀ-ਸਥਿਤ ਹੋ ਕੇ ਜ ਪ੍ਰਭੂ ਭਗਤੀ ਤੇ ਧਰਮ-ਸਾਧਨਾ ਕੀਤੀ, ਉਸ ਦਾ ਸਿੱਟਾ ਹੀ ਸੀ ਕਿ ਗੁਰੂ ਤੇਗ ਬਹਾਦਰ ਜੀ 'ਗੁਰੂ ਸਰੂਪ' ਵਿਚ ਪ੍ਰਵਾਨਿਤ ਨਾ ਹੋਣ ਦੇ ਬਾਵਜੂਦ ਵੀ, ਅੰਦਰੋਂ ਬਾਹਰੋਂ 'ਗੁਰੂ-ਜੋਤਿ ਤੇ ਜੁਗਤਿ' ਨਾਲ ਜੁੜੇ ਰਹੇ।

੧੬੬੪ ਈਸਵੀ ਵਿਚ ਜਦੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਦਿੱਲੀ ਵਿਚ ਜੋਤੀ ਜੋਤਿ ਸਮਾਉਣ ਵੇਲੇ "ਬਾਬਾ ਬਕਾਲੇ" ਕਹਿ ਕੇ, ਨੌਵੀਂ ਗੁਰੂ-ਜੋਤਿ ਦਾ ਸੰਕੇਤ ਕੀਤਾ ਤਾਂ ਭਾਵੇਂ ਵਿਰੋਧੀਆਂ ਵਲੋਂ ੨੨ ਗੁਰੂ-ਮੰਜੀਆਂ ਵਿਛਾ ਦਿਤੀਆਂ ਗਈਆਂ, ਪਰ ਭਾਈ ਮੱਖਣ ਸ਼ਾਹ ਨੇ ਤੇਗ ਬਹਾਦਰ ਜੀ ਨੂੰ 'ਗੁਰੂ ਲਾਧੋ ਰੇ' ਦੇ ਰੂਪ ਵਿਚ ਪ੍ਰਗਟ ਕਰ ਕੇ, ਸਮੁਚੇ ਸਿਖ-ਜਗਤ ਨੂੰ ਸਪੱਸ਼ਟ ਕਰ ਦਿਤਾ ਕਿ ਗੁਰੂ ਨਾਨਕ ਪਰੰਪਰਾ ਤੇ ਰਾਜ-ਸਿਘਾਸਣ ਦੇ ਨੌਵੇਂ ਗੁਰੂ ਵਾਰਿਸ ਕੇਵਲ ਗੁਰੂ ਤੇਗ ਬਹਾਦਰ ਜੀ ਹਨ, ਹੋਰ ਕੋਈ ਧੀਰ-ਮੱਲੀਆ, ਰਾਮ-ਰਾਈਆ, ਮੀਣਾ ਜਾਂ ਸੋਢੀ ਨਹੀਂ।

੧੬੬੪ ਈਸਵੀ ਵਿਚ ਹੀ ਗੁਰੂ ਤੇਗ ਬਹਾਦਰ ਜੀ ਨੇ ਗੁਰ-ਗੱਦੀ ਉਤੇ ਬਿਰਾਜਮਾਨ ਹੋ ਕੇ, ਸਿਖ ਲਹਿਰ ਦੀ ਸੰਭਾਲ ਤੇ ਭਾਰਤੀਆਂ ਦੀ ਮਾਨਸਿਕ, ਧਾਰਮਿਕ, ਸਮਾਜਕ ਤੇ ਰਾਜਨੀਤਕ ਦਸ਼ਾ ਨੂੰ ਵੇਖਣ ਤੇ ਵਾਚਣ ਲਈ ਤੇ ਖਾਸ ਕਰਕੇ ਅਧਿਆਤਮਿਕ ਜਾਗ੍ਰਤੀ ਪ੍ਰਦਾਨ ਕਰਨ ਲਈ, ਪਹਿਲਾਂ ਪੰਜਾਬ ਦਾ, ਫਿਰ ਉਤਰੀ


www.AKJ.Org

ਭਾਰਤ ਦੇ ਅਨੇਕ ਮਹੱਤਵ-ਪੂਰਨ ਸ਼ਹਿਰਾਂ ਦਾ ਤੇ ਅਖ਼ੀਰ ਅਸਾਮ ਤਕ ਪ੍ਰਚਾਰ-ਸਫ਼ਰ ਕੀਤਾ।

["ਸੀਸ ਗੰਜ" ਵਿਚਲੇ ਪ੍ਰੋ: ਜੋਗਿੰਦਰ ਸਿੰਘ ਜੀ ਦੇ ਲੇਖ ਵਿਚੋਂ

(੨)

ਤੀਹ ਸਾਲ ਬਾਬਾ ਬਕਾਲੇ ਵਿਚ ਟਿਕੇ ਰਹਿਣ ਪਿਛੋਂ ਹੁਣ ਸਤਿਗੁਰੂ ਜੀ ਬਾਹਰ ਦੁਆਲੇ ਦੇ ਇਲਾਕੇ ਵਿਚ ਗੁਰੂ ਨਾਨਕ ਦੇਵ ਜੀ ਦਾ ਜੀਵਨ-ਸਨੇਹਾ ਪਰਚਾਰਨ ਲਈ ਚਲ ਪਏ। ਭਾਈ ਮੱਖਣ ਸ਼ਾਹ ਭੀ ਅਜੇ ਨਾਲ ਹੀ ਸੀ। ਕਈ ਪਿੰਡਾਂ ਵਿਚੋਂ ਹੁੰਦੇ ਹੋਏ ਸਤਿਗੁਰੂ ਜੀ ਸੰਨ ੧੬੬੫ ਈ: ਦੇ ਸ਼ੁਰੂ ਵਿਚ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦਾ ਦਰਸ਼ਨ ਕਰਨ ਆਏ। ਪੁਜਾਰੀਆਂ ਸੇਵਕਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਕਰਦਿਆਂ ੩੪ ਸਾਲ ਹੋ ਚੁਕੇ ਸਨ। ਇਥੋਂ ਦੀ ਪੂਜਾ-ਭੇਟ ਦੀ ਆਮਦਨ ਉਨ੍ਹਾਂ ਦੀ ਰੋਜ਼ੀ ਦਾ ਵਸੀਲਾ ਸੀ। ਜੇ ਗੁਰੂ ਤੇਗ ਬਹਾਦਰ ਸਾਹਿਬ ਅੰਮ੍ਰਿਤਸਰ ਨੂੰ ਆਪਣਾ ਨਿਵਾਸ-ਅਸਥਾਨ ਬਣਾ ਲੈਂਦੇ ਤਾਂ ਉਨ੍ਹਾਂ ਦੀ ਰੋਜ਼ੀ ਦੇ ਡੋਲਣ ਦਾ ਖ਼ਤਰਾ ਸੀ। ਸੋ ਪੁਜਾਰੀ ਦਰਵਾਜ਼ੇ ਬੰਦ ਕਰ ਕੇ ਚਲੇ ਗਏ। ਸ੍ਰੀ ਹਰਿਮੰਦਰ ਸਾਹਿਬ ਦਾ ਦਰਸ਼ਨ ਕੀਤੇ ਬਿਨਾਂ ਹੀ ਸਤਿਗੁਰੂ ਜੀ ਵਾਪਸ ਮੁੜ ਪਏ। ਅੰਮ੍ਰਿਤਸਰ ਤੋਂ ਵਾਪਸੀ ਤੇ ਵੱਲੇ ਦੀ ਸੰਗਤ ਨੇ ਬੜੇ ਆਦਰ ਸਤਿਕਾਰ ਨਾਲ ਸੇਵਾ ਕੀਤੀ। ਵੱਲੇ ਤੋਂ ਬਕਾਲੇ ਅਤੇ ਬਕਾਲੇ ਤੋਂ ਕਰਤਾਰਪੁਰ ਰਸਤੇ ਸਿਖ-ਸੇਵਕਾਂ ਸਮੇਤ ਸਤਿਗੁਰੂ ਜੀ ਕੀਰਤਪੁਰ ਅਪੜੇ।

੧੬੩੪ ਤੋਂ ੧੬੬੪ ਤਕ ੩੦ ਸਾਲ ਕੀਰਤਪੁਰ ਹੀ ਕੇਂਦਰੀ ਗੁਰ-ਅਸਥਾਨ ਬਣਿਆ ਰਿਹਾ। ਪਰ ਹੁਣ ਗੁਰੂ ਤੇਗ ਬਹਾਦਰ ਸਾਹਿਬ ਨੇ ਗੁਆਂਢੀ ਰਿਆਸਤ ਕਹਿਲੂਰ ਤੋਂ ਪਿੰਡ ਮਾਖੋਵਾਲ ਦੀ ਜ਼ਮੀਨ ਮੁੱਲ ਲੈ ਕੇ ਉਥੇ ਨਗਰ ਅਨੰਦਪੁਰ ਵਸਾਇਆ।

ਉਸ ਵਕਤ ਤਕ ਔਰੰਗਜ਼ੇਬ ਨੇ ਧਾਰਮਿਕ ਵਿਤਕਰਾ ਸ਼ੁਰੂ ਕਰ ਦਿਤਾ ਸੀ ਅਤੇ ਹਿੰਦੂਆਂ ਉਤੇ ਸਖ਼ਤੀ ਸ਼ੁਰੂ ਹੋ ਚੁਕੀ ਸੀ। ਹਿੰਦ ਦੀ ਚਾਦਰ ਸਤਿਗੁਰੂ ਜੀ ਨੇ ਜ਼ਿਮੇਵਾਰੀ ਸੰਭਾਲਦਿਆਂ ਹੀ ਪਹਿਲਾਂ ਪੂਰਬ ਦੇਸ਼ ਦਾ ਰੁਖ ਕੀਤਾ। ਇਨ੍ਹਾਂ ਦੀ ਬਾਣੀ ਪੜ੍ਹ ਕੇ ਵੇਖੋ, ਤਕਰੀਬਨ ਹਰੇਕ ਸ਼ਬਦ ਵਿਚ ਦਰੋਪਤੀ, ਗਜ, ਅਜਾਮਲ, ਧਰੂਅ ਆਦਿਕ ਦੇ ਹਵਾਲੇ ਦੇ ਕੇ ਨਿਰਭੈਤਾ ਦਾ ਉਪਦੇਸ਼ ਕੀਤਾ ਹੋਇਆ ਹੈ। ਸੋ, ਹਿੰਦੂ ਜਨਤਾ ਨੂੰ ਧੀਰਜ ਦੇਣ ਲਈ, ਸਿਖ ਧਰਮ ਦੇ ਪਰਚਾਰ ਦੇ ਕੰਮ ਨੂੰ ਵਧੀਕ ਪੱਕੇ ਪੈਰਾਂ ਤੇ ਖੜਾ ਕਰਨ ਲਈ ਅਤੇ ਦੂਰ ਦੁਰੇਡੇ ਵਸਦੇ ਸਿੱਖਾਂ ਵਿਚ ਸਿੱਖੀ ਜੀਵਨ ਦੀ ਰੌ ਤਿੱਖੀ ਕਰਨ ਵਾਸਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਪੂਰਬ ਦੇਸ਼ ਵੱਲ ਲੰਮਾ ਚੱਕਰ ਲਾਇਆ। ਪਰਵਾਰ, ਕੀਰਤਨੀਏ ਰਬਾਬੀ ਅਤੇ ਕੁਝ ਹੋਰ ਉੱਘੇ ਸਿੱਖ ਭੀ ਨਾਲ ਗਏ।

ਅਨੰਦਪੁਰ ਤੋਂ ਚੱਲ ਕੇ ਘਨੌਲੀ, ਰੋਪੜ, ਦਾਦੂ ਮਾਜਰਾ-ਨੌਲਖਾ, ਲੰਗ ਆਦਿਕ ਪਿੰਡਾਂ ਵਿਚੋਂ ਹੋ ਕੇ ਸਤਿਗੁਰੂ ਜੀ ਮੂਲੋਵਾਲ ਪਹੁੰਚੇ। ਇਥੇ ਪੰਜ ਦਿਨ ਟਿਕ। ਪਿੰਡ ਦਾ ਪਾਣੀ ਖਾਰਾ ਸੀ। ਸਤਿਗੁਰੂ ਦੀ ਹਦਾਇਤ ਅਤੇ ਮਾਇਕ ਸਹਾਇਤਾ ਦੀ ਬਰਕਤਿ ਨਾਲ ਡੂੰਘੇ ਪੁੱਟੇ ਖੂਹਾਂ ਵਿਚੋਂ ਮਿੱਠਾ ਪਾਣੀ ਨਿਕਲਿਆ। ਮੂਲੋਵਾਲ ਤੋਂ ਫਰਵਾਹੀ, ਹੰਢਾਇਆ, ਭੰਦੇਹਰ, ਖੀਵਾ, ਭੀਖ ਆਦਿਕ ਪਿੰਡਾਂ ਵਿਚ ਸਤਿਗੁਰੂ ਜੀ ਨੇ ਲੋੜ ਅਨੁਸਾਰ ਟਿਕਾਣਾ ਕੀਤਾ। ਇਨ੍ਹਾਂ ਲੋਕਾਂ ਨੂੰ ਗੋਰ ਗੁੱਗਾ ਆਦਿਕ ਪੂਜਣ ਤੋਂ ਵਰਜ ਕੇ ਇਕ ਅਕਾਲ ਪੁਰਖ ਦੀ ਭਗਤੀ ਦਾ ਰਾਹ ਦਸਿਆ।

ਭੀਖੀ ਤੋਂ ਅਗਾਂਹ ਪਿੰਡ ਦਲੇਤ੍ਰੂ, ਅਲੀਸ਼ੇਰ, ਖਿਆਲਾ, ਪੌੜ, ਮਾਈਸਰ ਖਾਨਾ ਆਦਿਕ ਤੋਂ ਹੁੰਦੇ ਹੋਏ ਸਤਿਗੁਰੂ ਜੀ ਸਾਬੋ ਕੀ ਤਲਵੰਡੀ ਅਪੜੇ। ਇਥੇ ਗੁਰਦੁਆਰਾ ਦਮਦਮਾ ਸਾਹਿਬ ਹੈ। ਇਥੋਂ ਅਗਾਂਹ ਧਰਮੂ ਦਾ ਕੋਟ, ਬੱਲੋਆਣਾ, ਗੋਬਿੰਦਪੁਰਾ, ਸੰਘੇੜੀ ਤੇ ਗੁਰਨਾ ਆਦਿਕ ਪਿੰਡਾਂ ਵਿਚੋਂ ਲੰਘੇ। ਜਿਥੇ ਜਿਥੇ ਭੀ ਸਤਿਗੁਰੂ ਜੀ ਜਾਂਦੇ, ਲੋਕਾਂ ਨੂੰ ਮੰਦ ਕਰਮਾਂ ਵਲੋਂ ਰੋਕਦੇ।

ਕਈ ਪਿੰਡਾਂ ਵਿਚ ਹੁੰਦੇ ਹੋਏ ਸਤਿਗੁਰੂ ਜੀ ਧਮਧਾਣ ਪਹੁੰਚੇ। ਇਥੋਂ ਪਿੰਡ ਖਰਕ, ਖਟਕੜ, ਟੇਕ ਹੁੰਦੇ ਕੈਂਥਲ ਅਪੜੇ। ਇਥੋਂ ਬਾਰਨੇ ਪਿੰਡ, ਤੇ ਬਾਰਨੇ ਤੋਂ ਥਾਨੇਸਰ ਸ਼ਹਿਰ ਪਹੁੰਚੇ। ਲੋਕਾਂ ਨੂੰ ਚੋਰੀ, ਗੋਰ-ਗੁੱਗੇ ਦੀ



www.AKJ.Org

ਪੂਜਾ ਅਤੇ ਤਮਾਕੂ ਪੀਣ ਤੋਂ ਵਰਜ ਕੇ ਖਲਕਤ ਦੀ ਸੇਵਾ ਤੇ ਪਰਮਾਤਮਾ ਦੀ ਭਗਤੀ ਦਾ ਉਪਦੇਸ਼ ਦਿਤਾ। ਥਨੇਸਰ ਤੋਂ ਬਨੀ ਬਦਰ, ਕੜਾ ਮਾਣਕਪੁਰ ਪਹੁੰਚੇ। ਉਥੇ ਇਕ ਜੋਗੀਰਾਜ ਮਲੂਕ ਦਾਸ ਰਹਿੰਦਾ ਸੀ; ਉਹ ਸ਼ਰਧਾਵਾਨ ਬਣਿਆ।

ਕੜੇ ਮਾਣਕਪੁਰ ਤੋਂ ਸਤਿਗੁਰੂ ਜੀ ਸਾਥ ਸਮੇਤ ਮਥਰਾ ਅਤੇ ਮਥਰਾ ਤੋਂ ਆਗਰੇ ਗਏ। ਉਥੇ ਮਾਈਥਾਨ ਦੇ ਕੋਲ ਇਸ ਯਾਦ ਵਿਚ ਗੁਰਦੁਆਰਾ ਹੈ। ਇਥੋਂ ਨਗਰ ਅਟਾਵਾ ਹੁੰਦੇ ਹੋਏ ਕਾਨਪੁਰ ਤੇ ਅਲਾਹਬਾਦ (ਪ੍ਰਯਾਗ) ਅਪੜੇ। ਸਤਿਗੁਰੂ ਜੀ ਨੇ ਉਥੇ ਆਏ ਜਾਤਰੂਆਂ ਨੂੰ ਸਮਝਾਇਆ ਕਿ ਸਭ ਤੋਂ ਸ੍ਰਸ਼ਟ ਤੀਰਥ ਸਾਧ ਸੰਗਤ ਹੈ। ਸਤਸੰਗ ਵਿਚ ਪ੍ਰਭੂ ਦੀ ਸਿਫਤ ਸਲਾਹ ਕੀਤਿਆਂ ਪ੍ਰਭੂ ਨਾਲ ਮੇਲ ਹੁੰਦਾ ਹੈ, ਪ੍ਰਭੂ-ਮਿਲਾਪ ਹੀ ਪੂਰਾ ਇਸ਼ਨਾਨ ਹੈ।

ਪ੍ਰਯਾਗ ਤੋਂ ਚਲ ਕੇ ਮਿਰਜ਼ਾਪੁਰ ਤੇ ਕਾਂਸ਼ੀ ਪਹੁੰਚੇ। ਯਾਦ ਵਿਚ ਉਥੇ ਦੋ ਗੁਰਦੁਆਰੇ ਹਨ। ਕਾਂਸ਼ੀ ਤੋਂ ਸ਼ਹਿਰ ਸਸਰਾਮ ਪਹੁੰਚੇ। ਇਥੋਂ ਹਿੰਦੂਆਂ ਦੇ ਪ੍ਰਸਿੱਧ ਤੀਰਥ ਗਯਾ ਪਹੁੰਚੇ। ਗਯਾ ਤੋਂ ਉਤਰ ਵੱਲ ਰੁਖ਼ ਕਰਕੇ ਪਟਨੇ ਗਏ। ਸ਼ਹਿਰ ਦੇ ਬਾਹਰ ਇਕ ਬਾਗ ਵਿਚ ਇੰਬਲੀ ਦੇ ਰੁੱਖ ਹੇਠ ਉਤਰੇ। ਇਥੋਂ ਦਾ ਪ੍ਰਸਿੱਧ ਸਿੱਖ ਭਾਈ ਜੈਤਾ, ਉਨ੍ਹਾਂ ਨੂੰ ਆਪਣੇ ਘਰ ਲੈ ਗਿਆ। ਕੁਝ ਦਿਨ ਪਟਨੇ ਵਿਚ ਟਿਕੇ। ਫਿਰ ਪਰਵਾਰ ਨੂੰ ਇਥੇ ਛੱਡ ਕੇ ਆਪ ਆਸਾਮ ਵੱਲ ਚੱਲ ਪਏ।

ਪਟਨੇ ਤੋਂ ੭੦-੮੦ ਮੀਲਾਂ ਦੀ ਵਿੱਥ ਤੇ ਮੁੰਗੇਰ ਸ਼ਹਿਰ ਪਹੁੰਚੇ। ਫਿਰ ਪੂਰਬ ਵੱਲ ਨਗਰ ਭਾਗਲਪੁਰ ਗਏ। ਅਗਾਂਹ ਬੰਗਾਲ ਪ੍ਰਾਂਤ ਦੇ ਨਗਰ ਮਾਲਦਾ ਵਿਚ ਜਾ ਡੇਰਾ ਕੀਤਾ। ਇਥੋਂ ਮੁਰਸ਼ਿਦਾਬਾਦ ਹੁੰਦੇ ਹੋਏ ਜਦੋਂ ਸਤਿਗੁਰੂ ਜੀ ਢਾਕੇ ਪਹੁੰਚੇ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ੨੬ ਦਸੰਬਰ ੧੬੬੬ ਈ: ਨੂੰ ਜਨਮ ਲੈਣ ਦੀ ਖ਼ਬਰ ਆਈ। ਪਰਵਾਰ ਦੀ ਸੇਵਾ ਆਦਿਕ ਲਈ ਸਤਿਗੁਰੂ ਜੀ ਨੇ ਪਟਨੇ ਦੀ ਸੰਗਤ ਨੂੰ ਧੰਨਵਾਦ ਦੀ ਚਿੱਠੀ ਲਿਖੀ।

ਸਤਿਗੁਰੂ ਜੀ ਦੱਖਣੀ ਆਸਾਮ ਵਲੋਂ ਹੋ ਕੇ ਉਤਰੀ ਆਸਾਮ ਪਹੁੰਚੇ। ਰਾਜਾ ਰਾਮ ਸਿੰਘ ਤੇ ਅਹੋਮੀਆਂ ਦੋਹਾਂ ਧਿਰਾਂ ਦੀ ਸੁਲਾਹ ਕਰਾਈ ਅਤੇ ਖ਼ੂਨ-ਖ਼ਰਾਬਾ ਬੰਦ ਕਰਾਇਆ। ਇਹ ਜ਼ਿਕਰ ੧੬੭੦ ਦਾ ਹੈ।

੧੬੬੯ ਈ: ਵਿਚ ਗੁਰੂ ਸਾਹਿਬ ਆਸਾਮ ਬੰਗਾਲ ਆਏ ਹੋਏ ਸਨ, ਜਦ ਔਰੰਗਜ਼ੇਬ ਨੇ ਸਾਰੇ ਭਾਰਤ ਵਾਸਤੇ ਹੁਕਮ ਜਾਰੀ ਕੀਤਾ ਕਿ ਕਾਫਰਾਂ ਦੀਆਂ ਸਭ ਪਾਠਸ਼ਾਲਾਂ ਅਤੇ ਮੰਦਰ ਢਾਹ ਦਿਤੇ ਜਾਣ, ਜਿਸ ਸਦਕਾ ਮਥਰਾ, ਅਜੁਧਿਆ, ਬਨਾਰਸ ਆਦਿਕ ਹਿੰਦੂ ਸਭਿਅਤਾ ਵਾਲੇ ਸ਼ਹਿਰਾਂ ਦੇ ਪੁਰਾਣੇ ਮੰਦਰ ਢਾਹ ਦਿਤੇ ਗਏ ਅਤੇ ਕਈਆਂ ਨੂੰ ਮਸਜਿਦਾ ਵਿਚ ਤਬਦੀਲ ਕਰ ਦਿੱਤਾ ਗਿਆ।

ਔਰਗਜ਼ੇਬ ਦੀ ਇਸ ਨਵੀਂ ਰਾਜਨੀਤੀ ਦਾ ਅਸਰ ਸੁਣ ਵੇਖ ਕੇ ਸਤਿਗੁਰੂ ਜੀ ਛੇਤੀ ਪੰਜਾਬ ਨੂੰ ਪਰਤੇ। ਪਹਿਲੇ ਪਟਨੇ ਆਏ। ਥੋੜਾ ਸਮਾਂ ਟਿਕੇ ਅਤੇ ਪੁੱਤਰ ਤੇ ਪਰਵਾਰ ਨੂੰ ਸ਼ਰਧਾਲੂ ਸਿੱਖਾਂ ਦੀ ਨਿਗਰਾਨੀ ਵਿਚ ਛੱਡ ਕੇ ਆਪ ਬਕਸਰ, ਬਨਾਰਸ ਤੇ ਅਜੁਧਿਆ ਆਦਿ ਸ਼ਹਿਰਾਂ ਤੋਂ ਹੁੰਦੇ ਹੋਏ, ਤਿੰਨ ਮਹੀਨਿਆਂ ਵਿਚ ਅਨੰਦਪੁਰ ਪਹੁੰਚ ਗਏ। ਕੁਝ ਸਮੇਂ ਪਿਛੋਂ ਸਤਿਗੁਰੂ ਜੀ ਨੇ ਪਰਵਾਰ ਨੂੰ ਪਟਨੇ ਤੋਂ ਮੰਗਾ ਲਿਆ।

ਸਾਰੇ ਉਤਰੀ ਤੇ ਪੂਰਬੀ ਭਾਰਤ ਵਿਚ ਹੀ ਔਰੰਗਜ਼ੇਬ ਦੇ ਹੁਕਮ ਨਾਲ ਸਖ਼ਤੀ ਦੀ ਲਹਿਰ ਚਲਾਈ ਗਈ। ਕਸ਼ਮੀਰ ਵਿਚ ਓਦੋਂ ਸ਼ੇਰ ਅਫ਼ਗਨ ਖਾਂ ਸੂਬੇਦਾਰ ਸੀ। ਉਸ ਨੇ ਤਲਵਾਰ ਦੇ ਜ਼ੋਰ ਨਾਲ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਣਾ ਸ਼ੁਰੂ ਕੀਤਾ। ਪੰਡਿਤਾਂ ਨੇ ਮੁਗ਼ਲਾਂ ਦੀ ਤਲਵਾਰ ਅਗੇ ਝੁਕਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਸਾਹਿਬ ਦਾ ਆਸਰਾ ਲਿਆ।

ਸਹਿਮ ਨਾਲ ਨਿਤਾਣੇ ਹੋਏ ਲੋਕ ਕੁਰਬਾਨੀ ਦੇ ਨਿਰੇ ਦੱਸੇ ਹੋਏ ਰਾਹ ਉਤੇ ਨਹੀਂ ਤੁਰ ਸਕਦੇ। ਸਤਿਗੁਰੂ ਜੀ ਨੇ ਜ਼ਰੂਰੀ ਸਮਝਿਆ ਕਿ ਕਮਜ਼ੋਰਾਂ ਵਿਚ ਜਿੰਦ ਪਾਣ ਲਈ, ਉਨ੍ਹਾਂ ਦੀ ਖ਼ਾਤਰ, ਜ਼ੁਲਮ ਅਗੇ ਨਿਡਰ ਹੋ ਕੇ ਆਪਣਾ ਸੀਸ ਪੇਸ਼ ਕੀਤਾ ਜਾਏ। ਕਸ਼ਮੀਰੀ ਪੰਡਿਤਾਂ ਨੂੰ ਸਤਿਗੁਰੂ ਜੀ ਨੇ ਕਹਿ ਦਿਤਾ ਕਿ ਤੁਸੀਂ ਬਾਦਸ਼ਾਹ ਨੂੰ ਲਿਖ ਭੇਜੋ, ਜੁ ਗੁਰੂ ਤੇਗ ਬਹਾਦਰ ਸਾਡੇ ਧਾਰਮਿਕ ਰਾਹਬਰ ਹਨ, ਜੇ ਉਹ ਮੁਸਲਮਾਨ ਬਣ ਗਏ



www.AKJ.Org

ਤਾਂ ਅਸੀਂ ਸਾਰੇ ਹੀ ਇਸਲਾਮ ਕਬੂਲ ਲਵਾਂਗੇ ।

ਸਤਿਗੁਰੂ ਜੀ ੧੬੭੪ ਵਿਚ ਅਨੰਦਪੁਰ ਤੋਂ ਚਲ ਪਏ । ਕਈ ਸਿਖ ਨਾਲ ਹੀ ਤੁਰੇ, ਕਿਉਂਕਿ ਅਜੇ ਦੇਸ ਵਿਚ ਸਹਿਮੇ ਹੋਏ ਲੋਕਾਂ ਨੂੰ ਨਿਡਰਤਾ ਦਾ ਪਰਚਾਰ ਕਰਨ ਹੀ ਤੁਰੇ ਸਨ । ਅਨੰਦਪੁਰ ਤੋਂ ਕੀਰਤਪੁਰ ਅਤੇ ਰੋਪੜ ਨਨਹੇੜਾ ਆਦਿਕ ਪਿੰਡਾਂ ਵਿਚੋਂ ਸਿੱਧੇ ਸੈਫ਼ਾਬਾਦ ਪੁਜੇ । ਸੈਫ਼ਾਬਾਦ ਤੋਂ ਸਮਾਣੇ ਆਏ। ਸਮਾਣੇ ਤੋਂ ਕੈਂਥਲ, ਲੱਖਣ ਮਾਜਰੇ ਦੇ ਰਸਤੇ ਰਹਤਕ ਆਏ । ਰਸਤੇ ਵਿਚ ਜਿਥੇ ਜਿਥੇ ਪਾਣੀ ਦੀ ਘਾਟ ਕਰਕੇ ਲੋਕਾਂ ਨੂੰ ਔਖਿਆਈ ਸੀ, ਉਥੇ ਖੂਹ ਤੇ ਬਾਉਲੀਆਂ ਲਵਾਂਦੇ ਗਏ ਅਤੇ ਘਾਬਰੇ ਹੋਏ ਹਿੰਦੂ ਲੋਕਾਂ ਨੂੰ ਦਲੇਰੀ ਦੇਂਦੇ ਗਏ ।

ਔਰੰਗਜ਼ੇਬ ਹਸਨ ਅਬਦਾਲ ਵਾਲੇ ਪਾਸੇ ਗਿਆ ਹੋਇਆ ਸੀ । ਉਸ ਪਾਸ ਤੁਰਕ ਹਾਕਮਾਂ ਦੀਆਂ ਰਪੱਟਾਂ ਪਹੁੰਚੀਆਂ, ਕਸ਼ਮੀਰੀ ਬ੍ਰਾਹਮਣਾਂ ਦੀ ਅਰਜ਼ੀ ਭੀ ਅਪੜੀ । ਗੁਰੂ ਤੇਗ ਬਹਾਦਰ ਸਾਹਿਬ ਦੀ ਗ੍ਰਿਫਤਾਰੀ ਦੇ ਹੁਕਮ ਜਾਰੀ ਕੀਤੇ ਗਏ । ਇਤਨੇ ਨੂੰ ਸਤਿਗੁਰੂ ਜੀ ਆਗਰੇ ਦੇ ਇਲਾਕੇ ਵਿਚ ਅਪੜ ਚੁਕੇ ਸਨ, ਅਤੇ ਓਥੋਂ ਉਨ੍ਹਾਂ ਦੇ ਨਾਲ ਖਾਸ ਪੰਜ ਸਿਖ ਸੇਵਕ—ਭਾਈ ਮਤੀ ਦਾਸ, ਭਾਈ ਦਿਆਲਾ, ਭਾਈ ਗੁਰਦਿਤਾ, ਭਾਈ ਊਦਾ ਅਤੇ ਭਾਈ ਜੈਤਾ ਹੀ ਸਨ ।

ਭਿਆਨਕ ਮੌਤ ਦੇ ਡਰਾਵੇ ਦੇਣ ਲਈ ਤੁਰਕ ਹਾਕਮਾਂ ਨੇ ਸਤਿਗੁਰੂ ਜੀ ਦੇ ਸਾਹਮਣੇ ਪਹਿਲਾਂ ਮਤੀਦਾਸ ਜੀ ਨੂੰ ਜੀਂਦਿਆਂ ਆਰੇ ਨਾਲ ਚਿਰਾਇਆ, ਫਿਰ ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਦੀ ਦੇਗ ਵਿਚ ਪਾ ਕੇ ਮਾਰਿਆ । ਪਰ ਉਨ੍ਹਾਂ ਦੇ ਡਰਾਵੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਆਪਣੇ ਨਿਸਚੇ ਤੋਂ ਡੇਗ ਨਾ ਸਕੇ । ਆਖ਼ਰ ੧੧ ਨਵੰਬਰ ੧੬੭੫ ਈ: (ਮਘਰ ਸੁਦੀ ੫ ਸੰਮਤ ੧੭੩੨) ਨੂੰ ਸਤਿਗੁਰੂ ਜੀ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ । ਜਿਥੇ ਸਤਿਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ, ਉਥੇ ਚਾਂਦਨੀ ਚੌਕ ਵਿਚ ਸਤਿਗੁਰੂ ਜੀ ਦੀ ਯਾਦ ਵਿਚ 'ਸੀਸ ਗੰਜ ਸਾਹਿਬ' ਗੁਰਦੁਆਰਾ ਹੈ ।

[ਪ੍ਰੋ: ਸਾਹਿਬ ਸਿੰਘ ਜੀ ਲਿਖਤ "ਜੀਵਨ ਬ੍ਰਿਤਾਂਤ ਸ੍ਰੀ ਗੁਰੂ ਤੇਗ ਬਹਾਦਰ ਜੀ" ਵਿਚੋਂ

---

ਸੋਰਠਿ ਮਹਲਾ ੯

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥
ਜਿਹ ਸਿਮਰਤ ਗਨਿਕਾ ਸੀ ਉਧਰੀ ਤਾ ਕੋ ਜਸੁ ਉਰਿਧਾਰੋ ॥੧॥ਰਹਾਉ॥
ਅਟਲੁ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥
ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥੧॥
ਜਬ ਹੀ ਸਰਨਿ ਗਹੀ ਕਿਰਪਾਨਿਧਿ ਗਜ ਗਰਾਹ ਤੇ ਛੂਟਾ ॥
ਮਹਿਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ ॥੨॥
ਅਜਾਮਲੁ ਪਾਪੀ ਜਗੁ ਜਾਨੈ ਨਿਮਖ ਮਾਹਿ ਨਿਸਤਾਰਾ ॥
ਨਾਨਕ ਕਹਤੁ ਚੇਤਿ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥੩॥੪॥

... ... ... ... ...

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥

ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥
ਕੋਟਨ ਮਹਿ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥

ਤੀਰਥ ਬਰਤ ਅਰੁ ਦਾਨ ਕਰਿ ਮਨ ਮਹਿ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥



www.AKJ.Org

# ਸੋਈ ਗੁਰਮੁਖਿ ਪਿਆਰੇ ਮੇਲਿ (੭)

[ਪ੍ਰੋਫੈਸਰ ਗੁਰਮੁਖ ਸਿੰਘ ਜੀ]

ਮੇਰਾ ਭਾਈ ਫ਼ੌਜਾ ਸਿੰਘ (ਸ਼ਹੀਦ) ਨਾਲ ੧੯੭੫ ਵਿਚ ਉਦੋਂ ਮੇਲ ਹੋਇਆ ਜਦੋਂ ਉਹ ਮੈਨੂੰ ਅਤੇ ਮੇਰੀ ਸਿੰਘਣੀ ਨੂੰ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚੋਂ ਗੁਰਦਵਾਰਾ ਥੜਾ ਸਾਹਿਬ ਵਾਲੇ ਪਾਸੇ ਗੱਲੀ ਵਿਚ ਆਪਣੇ ਚੁਬਾਰੇ ਵਿਖੇ ਲੈ ਗਏ। ਸੁਆਦਲੀ ਗੱਲ ਇਹ ਹੈ ਕਿ ਉਹ ਪਹਿਲੀ ਵਾਰੀ ਹੀ ਸਾਨੂੰ ਪਰਕਰਮਾ ਵਿਚ ਮਿਲੇ ਤੇ ਗੁਰਮੁਖੀ ਭੇਖ ਨੂੰ ਵੇਖ ਕੇ ਰੀਝ ਪਏ। ਅਸੀਂ ਆਪਣੇ ਮਨ ਵਿਚ ਆਖੀਏ, ਇਹ ਗੁਰਸਿਖ ਵਿਲੱਖਣ ਸ਼ਖਸੀਅਤ ਦਾ ਲਗਦਾ ਹੈ। ਮੈਨੂੰ ਕਰਨਲ ਪਿਆਰਾ ਸਿੰਘ ਜੀ ਦੀ ਯਾਦ ਆਈ। ਉਹ ਭੀ ਆਪਣੇ ਬੱਨੀਪਾਰਕ ਵਾਲੇ ਮਕਾਨ ਤੋਂ ੫ ਕਿਲੋਮੀਟਰ ਦੂਰ ਜੇਪੁਰ ਸ਼ਹਿਰ ਵਿਖੇ 'ਗੁਰਸਿਖਾਂ ਲੋੜੇਂਦਾ ਭਾਲ ਕੇ' ਦੀ ਕਾਰ ਕਮਾਉਂਦੇ ਹੁੰਦੇ। ਉਹਨਾਂ ਨੂੰ ਸਿੱਖਾਂ ਵਿਚੋਂ ਗੁਰੂ ਦੇ ਦਰਸ਼ਨ ਹੁੰਦੇ। ਇਉਂ ਭਾਈ ਫ਼ੌਜਾ ਸਿੰਘ ਗੁਰਸਿਖਾਂ ਨੂੰ ਵੇਖ ਕੇ ਖਿੜ ਜਾਂਦੇ ਸਨ।

ਫੌਜਾ ਸਿੰਘ ਜੀ ਵਲੋਂ ਕੀਤੀ ਆਉ-ਭਗਤ ਵਿਚ ਭੀ ਇਹੋ ਰਮਜ਼ ਸੀ। ਫਿਰ ਤਾਂ ਅਸੀਂ ਜਦੋਂ ਭੀ ਕਪੂਰਥਲੇ ਤੋਂ ਅੰਮ੍ਰਿਤਸਰ ਦੇ ਦਰਸ਼ਨ ਮੇਲੇ ਕਰਨ ਆਉਣਾ, ਭਾਈ ਫੌਜਾ ਸਿੰਘ ਦੇ ਪ੍ਰੇਮ ਦੇ ਬੱਧੇ ਉਹਨਾਂ ਦੇ ਚੁਬਾਰੇ ਜਾ ਠਹਿਰਨਾ। "ਗੁਰਸਿਖਾਂ ਦੀ ਸੇਵ ਕਰੰਦਾ" ਉਹਨਾਂ ਦੇ ਜੀਵਨ ਦੇ ਕੁਝ ਕੁ ਵੱਡਮੁਲੇ ਆਦਰਸ਼ਾਂ ਵਿਚੋਂ ਇਕ ਸੀ। ਅਨੇਕਾਂ ਗੁਰਸਿੱਖਾਂ ਨੇ ਉਹਨਾਂ ਦੇ ਇਸ ਪਿਆਰ ਦਾ ਨਿੱਘ ਮਾਣਿਆ ਤੇ ਹੁਣ ਤੱਕ ਯਾਦ ਕਰਦੇ ਹਨ।

ਸਰੀਰਕ ਤੌਰ ਤੇ ਉਹ ਕਾਫ਼ੀ ਬਲਵਾਨ ਸੀ। ਗਤਕੇ ਦੇ ਇੰਨੇ ਮਾਹਰ ਸਨ ਕਿ ਉਹਨਾਂ ਵਰਗਾ ਗਤਕਾ ਸ਼ਾਇਦ ਹੀ ਪੰਜਾਬ ਵਿਚ ਕੋਈ ਖੇਡਦਾ ਹੋਵੇ। ਜੰਗਾਂ ਜੁਧਾਂ ਦੇ ਬਦਲੇ ਹੋਏ ਤੌਰ-ਤਰੀਕਿਆਂ ਨੇ ਸਿੱਖ ਕਲਚਰ ਵਿਚੋਂ ਗਤਕੇ ਦੀਆਂ ਕਦਰਾਂ ਕੀਮਤਾਂ ਹੌਲੀ ਹੌਲੀ ਖ਼ਤਮ ਹੀ ਕਰ ਦਿੱਤੀਆਂ ਹਨ, ਪਰ ਅਸਾਂ ਵੇਖਿਆ ਕਿਵੇਂ ਭਾਈ ਫੌਜਾ ਸਿੰਘ ਨੇ ਗਤਕੇ ਦੇ ਆਰਟ ਸਦਕਾ ਅੰਮ੍ਰਿਤਸਰ, ਗੁਰਦਾਸਪੁਰ ਅਤੇ ਇਕ ਵਾਰੀ ਜਲੰਧਰ ਦੇ ਇਕ ਸਿੰਘ ਦੇ ਘਰ ਧਰਮ ਦੇ ਦੋਖੀਆਂ ਨਾਲ ਹੋਏ ਝਗੜੇ ਸਮੇਂ ਧਾਂਕ ਬਿਠਾਈ।

ਸਰੀਰ ਦਾ ਬਲਵਾਨ ਹੋਣਾ ਹੋਰ ਗੱਲ ਹੈ। ਪਰ ਭਾਈ ਫੌਜਾ ਸਿੰਘ ਮਨ ਕਰਕੇ ਵੀ ਬੜ੍ਹਾ ਬਲਵਾਨ ਸੀ। ਉਹਨਾਂ ਦੇ ਆਦਰਸ਼ਕ ਨਾਇਕ ਸਨ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ। ਉਹ ਹੀ ਇਹਨਾਂ ਦੇ ਮਾਨਸਿਕ ਅਤੇ ਸਰੀਰਕ ਬੱਲ ਦੇ ਪਿਛੇ ਸ਼ਕਤੀ-ਦਾਤਾ ਸਨ। ਮੈਨੂੰ ਯਾਦ ਹੈ ਅੰਮ੍ਰਿਤਸਰ ਵਿਚ ਦੋ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ, ਫ਼ਿਰਕਾਪ੍ਰਸਤ ਅਨਸਰਾਂ ਨੇ ਸਿਖਾਂ ਨੂੰ ਡਰਾਉਣ ਧਮਕਾਉਣ ਲਈ ਸ਼ਰ੍ਹੇ ਆਮ ਬੇਅਦਬੀ ਕੀਤੀ। ੧੯੭੩ ਵਿਚ ਮਿਸ਼ਰੀ ਬਜ਼ਾਰ ਵਿਚ ਅਤੇ ੧੯੭੫ ਵਿਚ ਐਮਰਜੈਂਸੀ ਲਗੀ ਹੋਈ ਸੀ, ਗੁਰੂ ਕੇ ਮਹਿਲ (ਜਨਮ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ) ਅਤੇ ਭਾਈ ਸਾਲ੍ਹੋ ਦੇ ਗੁਰਦੁਆਰੇ ਵਿਖੇ ਬੇਅਦਬੀ ਕੀਤੀ ਗਈ। ਇਹ ਕਿਵੇਂ ਹੋ ਸਕਦੈ ਕਿ ਭਾਈ ਫੌਜਾ ਸਿੰਘ ਅੰਮ੍ਰਿਤਸਰ ਵਿਚ ਰਹਿੰਦੇ ਹੋਣ ਤੇ ਇਹਨਾਂ ਬੇ-ਅਦਬੀ ਭਰੇ ਸਾਕਿਆਂ ਨੂੰ ਮੂਕ-ਦਰਸ਼ਕ ਬਣ ਕੇ ਵੇਖਦੇ ਰਹਿਣ। ਉਹ ਇਹਨਾਂ ਦੋਨਾਂ ਮੌਕਿਆਂ ਤੇ ਮੂਹਰਲੀ ਕਤਾਰ ਵਿਚ ਸਭ ਤੋਂ ਅਗੇ ਹੋ ਕੇ ਲੜੇ, ਜੇਲ੍ਹ ਭੀ ਗਏ, ਫੱਟੜ ਭੀ ਹੋਏ, ਪਰ ਅੰਮ੍ਰਿਤਸਰ ਦੇ ਫ਼ਿਰਕਾਪ੍ਰਸਤਾਂ ਨੂੰ ਕੰਨ ਕਰ ਦਿਤੇ ਕਿ ਅੰਮ੍ਰਿਤਸਰ ਵਿਚ ਇਕ ਸਿੰਘ ਅਜਿਹਾ ਹੈ ਜਿਸਦੇ ਹੁੰਦਿਆਂ ਇਹੋ ਜਿਹੀਆਂ ਨੀਚ ਹਰਕਤਾਂ ਨਹੀਂ ਚਲਣ ਦਿਤੀਆਂ ਗਈਆਂ।

ਆਜ਼ਾਦੀ ਤੋਂ ਪਹਿਲਾਂ ਕਦੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਤਕ ਪੰਜਾਬ ਦਾ ਕੋਈ ਫ਼ਿਰਕਾਪ੍ਰਸਤ ਅਨਸਰ ਨਹੀਂ ਸੀ ਗਿਆ। ਪਰ ੧੯੭੦ ਦੇ ਦਹਾਕੇ ਤੋਂ ਜਿਉਂ ਇਹ ਮੰਦਭਾਗੀ ਘਟਨਾਵਾਂ ਅਰੰਭ ਹੋਈਆਂ, ੧੯੮੪ ਦੇ ਨੀਲੇ ਤਾਰੇ ਨੇ ਤਾਂ ਸਾਰੇ ਰੀਕਾਰਡ ਮਾਤ ਪਾ ਦਿੱਤੇ। ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਕੇ ਮਿਲਟਰੀ ਅਤੇ ਪੁਲਿਸ ਨੇ ਪੰਜਾਬ ਦੇ ਕਈ ਗੁਰ-ਅਸਥਾਨਾਂ ਦੀ ਬੇਅਦਬੀ ਕੀਤੀ। ਫਿਰ ਹਿੰਦੁਸਤਾਨ ਦ



www.AKJ.Org

ਕਈ ਨਗਰਾਂ ਵਿਚ ਇਹੋ ਮੰਦਭਾਗੀ ਘਟਨਾਵਾਂ ਵਾਪਰੀਆਂ। ਉਦੋਂ ਭਾਈ ਫੌਜਾ ਸਿੰਘ ਅਤੇ ਉਹਨਾਂ ਵਰਗੇ ਅਨੇਕਾਂ ਸਿੰਘ ਆਪਣਾ ਬਲੀਦਾਨ ਦੇ ਕੇ ਸੁਰਖ਼ਰੂ ਹੋ ਚੁਕੇ ਸਨ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਵਿਚੋਂ ਭੀ ਇਹੋ ਗੱਲ ਲਭਦੀ ਹੈ ਕਿ ਉਹ ਗੁਰੂ ਘਰ ਦਾ ਹੋ ਰਿਹਾ ਅਪਮਾਨ ਸਹਿਨ ਨਹੀਂ ਸੀ ਕਰ ਸਕਦੇ। ਫਤਹਗੜ੍ਹ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਦੇ ਜੋੜ ਮੇਲੇ ਤੇ (੧੯੧੦ ਦਸੰਬਰ) ਭਰੇ ਦੀਵਾਨ ਵਿਚ ਭਾਈ ਸਾਹਿਬ ਜੀ ਨੇ, ਹਜ਼ੂਰੀ ਵਿਚ ਹਾਜ਼ਰ ਹੋ ਕੇ ਉਚੀ ਉਚੀ ਆਵਾਜ਼ ਵਿਚ ਆਪਣੇ ਕੜਿਆਂ ਦੀ ਟਣਕਾਹਟ ਨਾਲ ਕੀਰਤਨ ਕਰ ਕੇ ਰਾਗੀ ਸਿੰਘਾਂ ਦਾ ਕੀਰਤਨ ਬੰਦ ਕਰਾ ਦਿਤਾ। ਇਹ ਇਸ ਲਈ ਕੀਤਾ ਕਿਉਂਕਿ ਰਾਗੀ ਜੱਥਾ ਪਤਿਤ ਸੀ। ਭਾਈ ਸਾਹਿਬ ਇਕੱਲੇ ਹੀ ਦੀਵਾਨ ਵਿਚ ਗੱਜ ਉਠੇ ਅਤੇ ਪਤਿਤ ਰਾਗੀਆਂ ਨੂੰ ਗੁਰੂ-ਹਜ਼ੂਰੀ ਵਿਚ ਕੀਰਤਨ ਤੋਂ ਰੋਕ ਦਿਤਾ। ਬੇਅਦਬੀ ਕਰਨ ਵਾਲਿਆਂ ਨੂੰ ਬਾਹਰ ਕਢ ਦਿਤਾ। ਇਸੇ ਤਰ੍ਹਾਂ ਜਦੋਂ ਰਕਾਬ ਗੰਜ ਸਾਹਿਬ ਦੀ ਦੀਵਾਰ ੧੯੧੪ ਵਿਚ ਅੰਗਰੇਜ਼ ਸਰਕਾਰ ਨੇ ਢਾਹ ਦਿੱਤੀ ਤਾਂ ਇਸ ਦੇ ਵਿਰੁਧ ਆਵਾਜ਼ ਬੁਲੰਦ ਕਰਨ ਵਾਲਿਆਂ ਵਿਚ ਭੀ ਭਾਈ ਸਾਹਿਬ ਮੂਹਰਲੀ ਕਤਾਰ ਵਿਚ ਸਨ। ਉਦੋਂ ਤੋਂ ਆਪ ਅੰਗਰੇਜ਼ਾਂ ਨੂੰ ਖਟਕਣ ਲਗ ਪਏ ਸਨ। ਮਗਰੋਂ ਇਸੇ ਕਰਕੇ ਆਪ ਨਾਲ ਜੇਲ੍ਹ ਵਿਚ ਭੀ ਸਭ ਤੋਂ ਜ਼ਿਆਦਾ ਸਖ਼ਤੀ ਕੀਤੀ ਗਈ।

ਅਖੰਡ ਕੀਰਤਨੀ ਜੱਥੇ ਦੀ ਪਰੰਪਰਾ ਅਤੇ ਵਿਰਸੇ ਨਾਲ ਇਹ ਗੱਲ ਜੁੜੀ ਹੋਈ ਹੈ ਕਿ ਧਰਮ ਦੀ ਹਾਨੀ ਹੁੰਦੀ ਹੋਵੇ, ਜਾਂ ਗੁਰੂ ਮਹਾਰਾਜ ਦੀ ਬੇਅਦਬੀ, ਤਾਂ ਮੂਹਰਲੀ ਕਤਾਰ ਵਿਚ ਜਾਣ ਤੋਂ ਸੰਕੋਚ ਨਹੀਂ ਕਰਨਾ। ਆਖ਼ਰ ੧੯੭੮ ਦੀ ਵਿਸਾਖੀ ਤੋਂ ਇਕ ਦਿਨ ਪਹਿਲਾਂ ਨਕਲੀ ਨਿਰੰਕਾਰੀਆਂ ਦੇ ਆਗੂ ਗੁਰਬਚਨ ਸਿੰਘ ਨੇ ਕੇਂਦਰੀ ਸਰਕਾਰ ਦੀ ਸ਼ਹਿ ਤੇ ਸਿਖਾਂ ਨੂੰ ਚਿੜਾਉਣ ਲਈ ਜਾਂ ਇਹ ਵੇਖਣ ਲਈ ਕਿ ਇਹਨਾਂ ਵਿਚ ਸਿੰਘਾਂ ਵਾਲੇ ਤੱਤ ਕਿਤਨੇ ਕੁ ਬਾਕੀ ਹਨ, ਇਕ ਜਲੂਸ ਕਢਿਆ, ਜਿਸ ਵਿਚ ਉਸ ਨੇ ਦਸਮ ਪਾਤਸ਼ਾਹ ਦੀ ਸ਼ਾਨ ਦੇ ਖ਼ਿਲਾਫ਼ ਬੇਅਦਬੀ ਭਰੇ ਸ਼ਬਦਾਂ ਦੀ ਵਰਤੋਂ ਕੀਤੀ। ਸਿੰਘਾਂ ਦੇ ਦਿੱਲ ਫਟੜ ਹੋ ਗਏ।

ਅਗਲੇ ਦਿਨ ਸਵੇਰੇ ਸੰਤ ਜਰਨੈਲ ਸਿੰਘ ਜੀ ਦੇ ਸੱਦੇ ਤੇ ਅਖੰਡ ਕੀਰਤਨੀ ਜੱਥੇ ਦੀ ਕੀਰਤਨ ਦੀ ਸਟੇਜ ਤੋਂ, ਕੀਰਤਨ ਰੋਕ ਕੇ, ਜਦੋਂ ਇਹ ਸੂਚਨਾ ਦਿੱਤੀ ਗਈ ਕਿ ਗੁਰਬਚਨ ਸਿੰਘ ਨਿਰੰਕਾਰੀ ਨੂੰ ਸ਼ਾਂਤਮਈ ਢੰਗ ਨਾਲ ਸਮਝਾਉਣ ਲਈ ਜਾਣ ਲਈ ੪੦ ਸਾਲ ਤੋਂ ਘੱਟ ਉਮਰ ਦੇ ਸਿੰਘ ਜਲੂਸ ਵਿਚ ਸ਼ਾਮਲ ਹੋਣ ਲਈ ਜਾ ਸਕਦੇ ਹਨ। ਬੀਬੀਆਂ ਨੂੰ ਜਾਣ ਤੋਂ ਰੋਕਿਆ ਗਿਆ ਸੀ। ਭਲਾ ਕੀਰਤਨ ਦੀ ਸਟੇਜ ਤੋਂ ਹੋਇਆ ਇਹੋ ਜਿਹਾ ਸੱਦਾ ਸੁਣ ਕੇ ਭਾ: ਫੌਜਾ ਸਿੰਘ ਅਤੇ ਅਨੇਕਾਂ ਹੋਰ ਜੁਸ਼ੀਲੇ ਸਿੰਘ ਕਿਵੇਂ ਪਿਛੇ ਰਹਿ ਸਕਦੇ ਸਨ? ਦੋਵੇਂ ਜਥੇ ਸ੍ਰੀ ਗੁਰੂ ਰਾਮਦਾਸ ਨਿਵਾਸ ਇਕੱਠੇ ਹੋ ਗਏ ਅਤੇ ਇਥੇ ਹੀ ਕਾਰਜ ਦੀ ਸਫਲਤਾ ਲਈ ਅਰਦਾਸਾ ਸੋਧਿਆ ਗਿਆ। ਏਥੋਂ ਜਥਾ ਭਾਈ ਫ਼ੌਜਾ ਸਿੰਘ ਜੀ ਦੀ ਅਗਵਾਈ ਵਿਚ ਰਵਾਨਾ ਹੋਇਆ। ਇੰਜ ਭਾਈ ਫੌਜਾ ਸਿੰਘ ਨੇ ਸਿਖੀ ਰਵਾਇਤ ਨੂੰ ਬਰਕਰਾਰ ਰਖਿਆ ਕਿ ਸੱਚਾ ਜਰਨੈਲ ਹਰ ਮੁਸ਼ਕਲ ਸਮੇਂ ਪੇਸ਼ ਪੇਸ਼ ਹੀ ਰਹਿੰਦਾ ਹੈ। ਜਦੋਂ ਨਿਰੰਕਾਰੀਆਂ ਵਲੋਂ ਗੋਲੀਆਂ ਦੀ ਬੁਛਾੜ ਕੀਤੀ ਗਈ ਤਾਂ ਭਾਈ ਫੌਜਾ ਸਿੰਘ ਸਨਮੁਖ ਹੋ ਕੇ ਅਗਾਂਹ ਹੀ ਅਗਾਂਹ ਵਧਿਆ, ਪਿਛੇ ਪੈਰ ਨਹੀਂ ਪਾਇਆ, ਇੰਜ ਉਹ ਵਿਸਾਖੀ ਵਾਲੇ ਦਿਨ ਸ਼ਹੀਦੀਆਂ ਪਾ ਗਏ। ਉਹਨਾਂ ਨਾਲ ਅਖੰਡ ਕੀਰਤਨੀ ਜਥੇ ਅਤੇ ਭਿੰਡਰਾਂ ਜੱਥੇ ਦੇ ੧੨ ਸਿੰਘ ਹੋਰ ਭੀ ਸ਼ਹੀਦ ਹੋ ਗਏ। ਗੁਰੂ ਦੀ ਬੇਅਦਬੀ ਨਹੀਂ ਸਹਾਰੀ।

ਇਹ ਇਤਨੀ ਵੱਡੀ ਘਟਨਾ ਸੀ, ਜਿਸ ਨੇ ਸਿੱਖ ਮਾਨਸਿਕਤਾ ਨੂੰ ਝੰਝੋੜ ਦਿਤਾ। ਅਤੇ ਅੱਜ ਦੇ ਪੰਜਾਬ ਮਸਲੇ ਦੇ ਪਿਛੋਕੜ ਵਿਚ ਇਹ ਘਟਨਾ ਬੀਜ ਰੂਪ ਵਿਚ ਦੱਬੀ ਪਈ ਹੈ। ਇਸੇ ਤੋਂ ਹੀ ਪੰਜਾਬ ਵਿਚ ਅਤੇ ਦੇਸ਼ ਦੇ ਹੋਰ ਭਾਗਾਂ ਵਿਚ ਸਿੱਖਾਂ ਨਾਲ ਵਿਤਕਰੇ ਦੀ ਕਹਾਣੀ ਅਰੰਭ ਹੁੰਦੀ ਹੈ।

ਭਾ: ਫੌਜਾ ਸਿੰਘ ਆਪ ਤਾਂ ਸ਼ਹੀਦੀਆਂ ਪਾ ਗਏ, ਪਰ ਪਿਛੇ ਸੁਤੀ ਕੌਮ ਨੂੰ ਹਲੂਣਾ ਦੇ ਗਏ:— *



www.AKJ.Org

# ਗੁਰਸਿੱਖੀ ਜੀਵਨ-ਮਾਰਗ

[ਗਿ: ਗੋਪਾਲ ਸਿੰਘ ਜੀ 'ਮਿੱਤਰ', 96, ਬਜਈ ਰੋਡ, ਗੁੜਗਾਉਂ]

ਗੁਰਸਿੱਖੀ-ਗੁਰਮਤਿ-ਗਾਡੀ ਰਾਹ ਤੇ ਤੁਰਦਿਆਂ ਨਰੋਆ ਪ੍ਰਭਾਵਸ਼ਾਲੀ ਜੀਵਨ ਜੀਣ ਦੀ ਅਭਿਲਾਖਾ ਹਰ ਗੁਰਸਿੱਖ ਦੇ ਹਿਰਦੇ ਵਿਚ ਹੋਣੀ ਜ਼ਰੂਰੀ ਹੈ, ਪਰ ਇਸ ਦੀ ਪ੍ਰਪੱਕਤਾ ਗੁਰਮਤਿ ਵਿਚਾਰਧਾਰਾ ਦੇ ਅਸੂਲਾਂ ਤੇ ਅਧਾਰਤ ਹੈ।

ਗੁਰਮਤਿ ਵਿਚਾਰਧਾਰਾ ਦਾ ਮੂਲ ਸਿਧਾਂਤ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਦੱਸੀ ਦ੍ਰਿੜ੍ਹਾਈ ਰਹਿਤ ਰਹਿਣੀ ਹੈ। ਇਹ ਰਹਿਤ ਰਹਿਣੀ ਹੀ ਗੁਰਸਿੱਖੀ ਜੀਵਨ ਦਾ ਮੁੱਖ ਅੰਗ ਹੈ। ਪੰਜਾਂ ਪਿਆਰਿਆਂ ਤੋਂ ਖੰਡੇ-ਧਾਰ ਪਾਹੁਲ (ਅੰਮ੍ਰਿਤ) ਪ੍ਰਾਪਤ ਕਰਨਾ ਤੇ ਉਨ੍ਹਾਂ ਵਲੋਂ ਦ੍ਰਿੜ੍ਹਾਏ ਗੁਰਮਤਿ ਅਸੂਲਾਂ (ਨਿਯਮਾਂ) ਤੇ ਤਤਪਰ ਰਹਿਣਾ, ਭਾਵ, ਪੰਜ-ਕਕਾਰੀ ਰਹਿਤ (ਸ੍ਰੀਰਕ) ਲਈ ਸੁਚੇਤ ਰਹਿਣਾ, ਸਿਮਰਨ ਸੇਵਾ (ਆਤਮਕ) ਦੇ ਸੰਦਰਭ ਵਿਚ ਅਸਲੀ ਜੀਵਨ ਬਨਾਣਾ, ਆਚਰਨ-ਉੱਚਤਾ, ਮਾਨਵੀ ਪਿਆਰ, ਸੁਹਿਰਦਤੀ ਆਦਿ ਦੈਵੀ ਗੁਣਾਂ ਦਾ ਧਾਰਨੀ ਆਪ ਬਣਨਾ ਤੇ ਪਰਉਪਕਾਰੀ ਬਣ ਕੇ ਹੋਰਨਾਂ ਨੂੰ ਇਨ੍ਹਾਂ ਗੁਣਾਂ ਦਾ ਧਾਰਨਾ ਬਣਾਣ ਲਈ ਉਦਮ ਜਾਰੀ ਰੱਖਣਾ, ਸਚਿਆਰ ਸਿੱਖ ਬਣ ਕੇ ਸੰਸਾਰ ਵਿਚ ਵਿਚਰਨਾ, ਸੰਸਾਰੀ ਲੋਕਾਂ ਨੂੰ ਸਿੱਖੀ ਮਾਰਗ ਤੇ ਤੋਰਨ ਲਈ ਚਾਨਣ-ਮੁਨਾਰੇ ਦਾ ਕੰਮ ਦੇਂਦਾ ਹੈ।

"ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ" ॥ (੩੮੧)

ਮਹਾਂਵਾਕ ਨੂੰ ਹਿਰਦੇ ਵਿਚ ਵਸਾ ਕੇ ਗੁਰਸਿੱਖ ਕਥਨੀ ਤੇ ਕਰਣੀ ਦਾ ਸੂਰਾ ਬਣਿ, ਨਿਝੱਕ ਤੇ ਨਿਡੱਰ ਹੋ ਕੇ ਪਲਾਂਘਾਂ ਪੁਟਦਾ ਆਪਣੀ ਜੀਵਨ-ਮਨਜ਼ਲ ਤੇ ਤੁਰਦਾ ਰਹੇ। ਨਿਰਵਿਕਾਰੀ ਤੇ ਸ਼ਸਤ੍ਰ-ਧਾਰੀ ਜੀਵਨ ਦਾ ਪ੍ਰਭਾਵ ਅਵੱਸ਼ ਹੀ ਸੰਸਾਰੀ ਲੋਕਾਂ ਦੇ ਮਨਾਂ ਤੇ ਪੈਂਦਾ ਹੈ। ਸ਼ਸਤ੍ਰਧਾਰੀ ਜੀਵਨ ਤਾਂ ਨਿਰਸੰਦੇਹ ਹੀ ਆਕਰਸ਼ਕ ਹੈ। ਐਸੇ ਜੀਵਨ ਤੋਂ ਹੀ ਗੌਰਵਮਈ ਜੀਵਨ ਦੀ ਆਸ ਰੱਖੀ ਜਾ ਸਕਦੀ ਹੈ। ਜਿਸ ਗੁਰਸਿੱਖ ਦੇ ਦਰਸ਼ਨ ਕਰ ਕੇ, ਉਸ ਦੀ ਗੁਫ਼ਤਾਰ ਤੋਂ ਪ੍ਰੇਰਤ ਹੋ ਕੇ ਚੰਗਾ ਤੇ ਨਰੋਆ, ਚੜ੍ਹਦੀ ਕਲਾ ਵਾਲੇ ਜੀਵਨ ਜੀਣ ਦਾ ਪ੍ਰਭਾਵ ਮਨ ਤੇ ਪੈਂਦਾ ਹੈ, ਉਸ ਗੁਰਸਿੱਖ ਦਾ ਜੀਵਨ ਮੁਬਾਰਕ ਹੈ ਤੇ ਸਫਲ ਜੀਵਨ ਆਖਿਆ ਜਾ ਸਕਦਾ ਹੈ। "ਨਿੰਮਰੀਭੂਤ ਸਦੀਵ ਪਰਮ ਪਿਆਰ (੧੩੯੧) ਅਤੇ "ਮੇਰੀ ਖਲਹੁ ਮੌਜੜੇ ਗੁਰਸਿੱਖ ਹੰਢਾਦੇ"* ਵਾਲੀ ਵਿਚਾਰਧਾਰਾ ਵਾਲਾ ਜੀਵਨ ਸੰਸਾਰੀ ਲੋਕਾਂ ਲਈ ਚਾਨਣ ਬਣ ਕੇ ਇਸ ਰਾਹ ਤੇ ਤੋਰਨ ਲਈ ਸਹਾਇਕ ਬਣਦਾ ਹੈ।

ਗੁਰਸਿਖੀ ਗੁਰਸਿੱਖ ਸੁਣਿ ਅੰਦਰਿ ਸਿਆਣਾ ਬਾਹਰਿ ਭੋਲਾ ॥
ਸਬਦ ਸੁਰਤਿ ਸਾਵਧਾਨ ਹੋਇ ਵਿਣੁ ਗੁਰ ਸਬਦ ਨ ਸੁਣਈ ਬੋਲਾ ॥
ਸਤਿਗੁਰ ਦਰਸਨੁ ਦੇਖਣਾ ਸਾਧ ਸੰਗਤਿ ਵਿਣੁ ਅੰਨ੍ਹਾ ਖੋਲਾ ॥
ਵਾਹਿਗੁਰੂ ਗੁਰ ਸ਼ਬਦ ਲੈ ਪਿਰਮ ਪਿਆਲਾ ਚੁਪਿ ਚਬੋਲਾ ॥
ਪੈਰੀ ਪੈ ਪੈਖਾਕ ਹੋਇ ਚਰਣ ਧੋਇ ਚਰਣੋਦਕ ਝੋਲਾ ॥
ਚਰਣ ਕਵਲ ਚਿਤੁ ਭਵਰੁ ਕਰਿ ਭਵਜਲ ਅੰਦਰਿ ਰਹੈ ਨਿਰੋਲਾ ॥
ਜੀਵਣ ਮੁਕਤਿ ਸਚਾਵਾ ਚੋਲਾ ॥੧੧॥ [ਭਾਈ ਗੁਰਦਾਸ ਜੀ, ਵਾਰ ੪

*ਭਾਈ ਗੁਰਦਾਸ ਜੀ, ਵਾਰ ੯, ਪਉੜੀ ੧੮

* "ਸ਼ਰਾਬ ਅਤੇ ਧਨ ਦੌਲਤ ਜਾਂ ਲੀਡਰੀਆਂ ਦੇ ਨਸ਼ਿਆਂ ਵਿਚ ਕੌਮ ਦਾ ਸਤਿਆਨਾਸ ਹੋ ਜਾਣਾ ਹੈ। ਉਠੋ, ਜਾਗੋ ਤੇ ਸੰਭਲੋ। ਗੁਰੂ ਕੇ ਸਿਖੋ, ਗੁਰੂ ਵਾਲੇ ਬਣੋ, ਗੁਰੂ ਤੁਹਾਡੇ ਅੰਗ-ਸੰਗ ਵਸਦਾ ਹੈ।"

ਕੌਮਾਂ ਵਿਚ ਇਹੋ ਜਿਹੇ ਸੂਰਬੀਰ ਹੀ ਰੂਹ ਭਰਦੇ ਹਨ ਅਤੇ ਸੁੱਤੀ ਪਈ ਕੌਮ ਮੁੜ ਕੇ ਜਾਗ ਪੈਂਦੀ ਹੈ।



www.AKJ.Org

# ਖ਼ਾਲਸਾ ਪੰਥ ਦਾ ਪ੍ਰਕਾਸ਼

[ਪਾਂਧੀ ਨਨਕਾਣਵੀ, ਜੇ-8/122, ਰਾਜੌਰੀ ਗਾਰਡਨ, ਨਵੀਂ ਦਿਲੀ–27]

ਤੇਗਾ ਖਿੱਚ ਕੇ ਕਿਹਾ ਗੋਬਿੰਦ ਰਾਏ ਨੇ, ਨਿਕਲੋ, ਤੇਗ ਦੀ ਪਿਆਸ ਬੁਝਾਉਣ ਨਿਕਲੋ।
ਇਕ ਸਿੱਖ ਦੇ ਸੀਸ ਦੀ ਲੋੜ ਸਾਨੂੰ, ਬੱਲੀ ਸੀਸ ਦੀ, ਸਿੱਖੋ, ਚੜ੍ਹਾਉਣ ਨਿਕਲੋ।
ਪੰਥ ਖ਼ਾਲਸਾ ਅਸਾਂ ਅੱਜ ਸਾਜਣਾ ਏ, ਏਸ ਲਈ ਆਹੂਤੀਆਂ ਪਾਉਣ ਨਿਕਲੋ।
ਸ਼ਮ੍ਹਾ ਬਾਲੀ ਹੈ ਅਸਾਂ ਆਜ਼ਾਦੀਆਂ ਦੀ, ਬਲਦੀ ਰੱਖਣ ਲਈ ਖ਼ੂਨ ਪਿਲਾਉਣ ਨਿਕਲੋ।
ਦੱਸਮ ਪਿਤਾ ਦੇ ਮੱਥੇ ਤੇ ਵੇਖ ਲਾਲੀ, ਲੱਖਾਂ ਬੁਲ੍ਹੀਆਂ ਰੋਕ ਲਏ ਸਾਹ ਆਪਣੇ।
ਕਾਗਾਂ ਸੱਤਲੁਜ ਦੀਆਂ ਸੁੰਨ-ਮਸੂਨ ਹੋਈਆਂ, ਵਗਦੀ ਪੌਣ ਨੇ ਬਦਲ ਲਏ ਰਾਹ ਆਪਣੇ।

ਨਿਕਲੇ 'ਦਇਆ' ਤੇ 'ਧਰਮ' ਦੇ ਮੂਲ ਆਸ਼ਕ, ਹਿੰਮਤ','ਸਾਹਿਬ' ਤੇ 'ਮੁਹਕਮ' ਜਵਾਨ ਨਿਕਲੇ।
ਦਿਲ ਗੁਰੂ ਦਸਮੇਸ਼ ਦਾ ਮੱਚਲ ਉਠਿਆ, ਲਿਸ਼ਕੀ ਤੇਗ ਨੂੰ ਜਾਂ ਜਫੀ ਪਾਣ ਨਿਕਲੇ।
ਵਾਰੋ ਵਾਰੀ ਫਿਰ ਖੰਡੇ ਦੀ ਧਾਰ ਉਤੋਂ, ਸ਼ੀਸ ਵਾਰ ਕੇ ਪੰਚ ਪ੍ਰਵਾਨ ਨਿਕਲੇ।
ਅੰਮ੍ਰਿਤ ਬਖ਼ਸ਼ਿਆ, ਪੰਜ ਕਕਾਰ ਬਖ਼ਸ਼ੇ, ਖਾਲਸਾ ਪੰਥ ਦੇ ਨੌਵੇਂ ਫ਼ੁਰਮਾਨ ਨਿਕਲੇ।
ਗੁਰੂ ਸੰਗਤ ਨੂੰ ਖਾਲਸਾ ਸਾਜ ਸਤਿਗੁਰ, ਭੈ-ਮੁਕਤ ਕੀਤਾ ਸਿੰਘਾਂ ਸਾਰਿਆਂ ਨੂੰ।
'ਅਨੰਦਪੁਰ' ਦੇ ਦਰੋ-ਦੀਵਾਰ ਗੂੰਜੇ, ਸੁਣ ਕੇ ਫ਼ਤਿਹ ਦੇ ਉੱਚ ਜੈਕਾਰਿਆਂ ਨੂੰ।

ਮੇਰਾ ਖ਼ਾਲਸਾ ਅਮਰ, ਅਟੱਲ ਰਹਿਸੀ, ਨਾਲ ਜ਼ੁਲਮ ਦੇ, ਸਦਾ ਟਕਰਾਏਗਾ ਇਹ।
ਪੱਖ ਪੂਰੇਗਾ ਸਦਾ ਮਜ਼ਲੂਮ ਦਾ ਇਹ, ਝਪਟ੍ ਬਾਜ਼ਾਂ ਤ, ਭੜਥੂ ਪਾਏਗਾ ਇਹ।
ਹੋਇਆ ਜਨਮ ਇਹਦਾ, ਖੰਡੇਧਾਰ ਵਿਚੋਂ, ਦੇਸ਼ ਵੇਸ ਵਿਚ ਕ੍ਰਾਂਤੀ ਲਿਆਏਗਾ ਇਹ।
ਸਵਾ ਲੱਖ ਨਾਲ ਇਕ ਇਕ ਭਿੜ ਜਾਸੀ, ਐਪਰ ਪਿਠ ਨਹੀਂ ਕਦੇ ਵਿਖਾਏਗਾ ਇਹ।
ਗੁਰੂ ਖਾਲਸਾ, ਤੇ ਖਾਲਸਾ ਗੁਰੂ ਮੇਰਾ, ਇਹਦੀ ਰੱਖਿਆ ਸਦਾ ਅਕਾਲ ਕਰਸੀ।
ਜਦ ਤੱਕ ਰਹੂ ਨਿਆਰਾ ਸੰਸਾਰ ਉਤ, ਗੋਬਿੰਦ ਸਿੰਘ ਵੀ ਜਿੰਦ ਨਿਹਾਲ ਕਰਸੀ।

ਮੇਰਾ ਖਾਲਸਾ ਅੰਮ੍ਰਿਤ ਦਾ ਧਾਰਨੀ ਹੈ, ਸਦਾ ਝੂਲਣਗੇ ਇਹਦੇ ਨਿਸ਼ਾਨ ਜੱਗ ਤੇ।
ਮੇਰੀ ਜਿੰਦ ਤੇ ਜਾਨ ਹੈ ਖ਼ਾਲਸੇ ਵਿਚ, ਮੇਰੇ ਰੂਪ ਦੀ ਇਹੋ ਪਹਿਚਾਨ ਜੱਗ ਤੇ।
ਅੰਗ ਸੰਗ ਮੈਂ ਖਾਲਸੇ ਨਾਲ ਰਹਿਸਾਂ, ਮੇਰੀ ਆਬਰੂ, ਇੱਜ਼ਤ ਤੇ ਮਾਨ ਜੱਗ ਤੇ।
ਮੇਰਾ ਧਰਮ ਤੇ ਕਰਮ ਹੀ ਖ਼ਾਲਸਾ ਹੈ, ਮਾਨਵ-ਜਾਤੀ ਦਾ ਕਰੂ ਕਲਿਆਨ ਜੱਗ ਤੇ।
ਮੇਰਾ ਖ਼ਾਲਸਾ ਦੁਸ਼ਟਾਂ ਨੂੰ ਡੰਡ ਦੇਸੀ, ਅੱਗ ਲਾਊ ਦਰਿਆਵਾਂ ਦੇ ਪਾਣੀਆਂ ਨੂੰ।
ਇਹਦੇ ਕਦਮਾਂ ਚਿ ਰੁੱਲਣਗੇ ਤਾਜ ਸ਼ਾਹੀ, ਕੰਠ ਲਾਊ ਪਰ ਜਿੰਦਾਂ ਨਿਮਾਣੀਆਂ ਨੂੰ।

ਪੰਜਾਂ ਪਿਆਰਿਆਂ ਦੀ ਛਤਰ ਛਾਂ ਹੇਠਾਂ, ਪੰਥ ਖ਼ਾਲਸੇ ਮੰਜ਼ਲਾਂ ਮਾਰੀਆਂ ਨੇ।
ਇਹਦੀ ਤੇਗ਼ ਤੋਂ ਮੁਗ਼ਲ ਅਫ਼ਗ਼ਾਨ ਕੰਬਦੇ, ਵਾਹੀਆਂ ਦੇਸ਼ ਖ਼ਾਤਰ ਤੇਗ਼ਾਂ ਭਾਰੀਆਂ ਨੇ।
ਇਹਨੇ ਦੇਸ਼ ਦੀ ਇੱਜ਼ਤ ਤੇ ਆਬਰੂ ਲਈ, ਅਨਿਕ ਵਾਰ ਜਵਾਨੀਆਂ ਵਾਰੀਆਂ ਨੇ।
ਅੰਗ ਸੰਗ ਹੈ ਗੁਰੂ ਦਸਮੇਸ਼ ਏਹਦੇ, ਜਿਨ੍ਹੇ ਬਖ਼ਸ਼ੀਆਂ ਇਹਨੂੰ ਸਰਦਾਰੀਆਂ ਨੇ।
"ਕੇਸਗੜ੍ਹ" ਚੋਂ ਫੁੱਟੀ ਹੋਈ ਲੋਅ ਸਦਕਾ; ਪੰਥ ਖਾਲਸਾ, ਫ਼ਰਜ਼ ਨਿਭਾਈ ਜਾ ਤੂੰ।
'ਸਾਹਿਬ ਦੇਵਾਂ' ਦੇ 'ਪਾਂਧੀ' ਸਪੁੱਤਰਾ ਓਏ, ਝੱਖੜ ਚੀਰ ਕੇ ਕਦਮ ਵਧਾਈ ਜਾ ਤੂੰ।



www.AKJ.Org

# ਅੰਮ੍ਰਿਤ-ਧਾਰੀ ਕਰ ਦਿਓ

[ਸ: ਅਤਰ ਸਿੰਘ 'ਨੀਰ', 95-ਸ਼ੀਤਲ ਅਪਾਰਟਮੈਂਟ, ਸੈਕਟਰ–14, ਦਿਲੀ—85]

ਛਾਪ ਲਗਾ ਕੇ ਆਪਣੀ, ਗੁਰ ਕਲਗੀਆਂ ਵਾਲੇ । ਰੂਪ ਆਪਣਾ ਕਰ ਦਿਤਾ, ਗੁਰਸਿਖ ਹਵਾਲੇ ।
ਤਨ ਮਨ ਧਨ ਸਭ ਵਾਰਿਆ, ਪੁਤਾਂ ਦੇ ਦਾਨੀ । ਮਾਤ ਪਿਤਾ ਪਰਿਵਾਰ ਦੀ, ਦਿਤੀ ਕੁਰਬਾਨੀ ।
ਅੰਮ੍ਰਿਤ ਦੇ ਘੁਟ ਪਿਆਲ ਕੇ, ਅੰਮ੍ਰਿਤ ਦੇ ਦਾਤੇ । ਕੀਤੇ ਗਿਦੜੋਂ ਸ਼ੇਰ ਸਭ, ਅੰਦਰਾ ਉਚਿਆ ਕੇ ।
ਜਾਤਿ ਗੁਲਾਮੀ ਕਟ ਕੇ, ਭਿੰਨ-ਭੇਦ ਮਿਟਾਏ । ਛੋਟੇ ਵਡੇ ਊਚ ਨੀਚ, ਇਕ ਥਾਂ ਬਿਠਾਏ ।
ਦਿਤੇ ਮਨ ਤੇ ਆਤਮਾ, ਨੂੰ ਨਵੇਂ ਨਿਸ਼ਾਨੇ । ਏਕਤਾ ਅਤੇ ਸਮਾਨਤਾ, ਦੇ ਉਚ ਠਿਕਾਨੇ ।
ਫੁਲਾਂ ਵਾਂਗੂ ਵੰਡੀਆਂ, ਮਿਠੀਆਂ ਖੁਸ਼ਬੋਈਆਂ । ਭਗਤੀ ਅਤੇ ਸ਼ਕਤੀ, ਇਕ ਹਾਰ ਪਰੋਈਆਂ ।
ਦਾਤਾਂ ਵੰਡੀਆਂ ਸਿਖਾਂ ਨੂੰ, ਇਉਂ ਸੋਹਣ ਮਾਹੀ । ਅੰਮ੍ਰਿਤ ਦੀ ਜੱਦ ਕੇਸਗੜ੍ਹ, 'ਚਿ ਪਾਣ ਚੜ੍ਹਾਈ ।
ਸੰਤ ਉਬਾਰਨ ਦੁਸ਼ਟ ਸੰਘਾਰਣ ਦੀ ਕਰ ਪੱਕੀ ਨੀਤੀ । ਸਿਖੀ ਅੰਦਰ ਸਿਖ ਦੀ ਸਰਬ ਸਾਂਝ ਪ੍ਰੀਤੀ ।
ਕਹਿਣੀ ਕਥਨੀ ਰਹਿਤ ਬ੍ਰਹਿਤ, ਵਿਚ ਪੂਰੀ ਪਕਿਆਈ । ਭਰ ਦਿਤੇ ਹਰ ਮਨ ਵਿਚ, ਬਲ ਤ੍ਰਾਣ ਉਚਾਈ ।
ਰੂਪ ਬਣਾਇਆ ਸਿਖ ਦਾ ਇਸਤਰ੍ਹਾਂ ਨਿਆਰਾ । ਤੇਜ ਆਪਣਾ ਭਰ ਦਿਤਾ ਉਸ ਅੰਦਰ ਸਾਰਾ ।
ਸਵੈਮਾਣ ਚੜ੍ਹਦੀ ਕਲਾ ਤੇ ਫਤਿਹ ਸਦਾਈਂ । ਸਿਦਕ ਭਰੋਸਾ ਗੁਰੂ ਤੇ, ਹਰ ਸਮੇਂ ਹਰ ਥਾਈਂ ।
ਪਾ ਕੇ ਬਖਸ਼ਸ਼ਾਂ ਇਸਤਰ੍ਹਾਂ, ਸਿਖ ਬਣਿਆ ਨਿਆਰਾ । ਕੁਲ ਦੁਨੀਆ ਤੋਂ ਵੱਧ ਕੇ ਉਚਾ ਤੇ ਭਾਰਾ ।
ਆਪਾ ਵਾਰਨਾ ਦੂਜਿਆਂ ਦੇ ਲਈ ਕੁਰਬਾਨੀ । ਦੇਸ਼ ਦੀ ਰਖਿਆ ਵਾਸਤੇ, ਲਾਣੀ ਜ਼ਿੰਦਗਾਨੀ ।
ਕੌਮ ਨੂੰ ਬਖਸ਼ਣ ਸਦਾ ਹੀ, ਸਰੂਰ ਉਚੇਰਾ । ਦੇਸ਼-ਪਿਆਰ ਰਹੇ ਵੱਧਦਾ, ਨਿਤ ਨਿਤ ਚੰਗੇਰਾ ।
ਜੀਣਾ ਮਰਣਾ ਅਣਖ ਨਾਲ, ਕਰ ਗਰਦਨ ਉੱਚੀ । ਪਾਂਦੀ ਮਾਣ ਮਰਾਤਬੇ, ਇਉਂ ਕੌਮ ਸਮੁੱਚੀ ।
ਰੁਹਬ ਦਾਬ ਤੇ ਕੀਰਤੀ, ਹਰ ਥਾਂ ਤੇ ਵਧੇ । ਝੁਕ ਝੁਕ ਕਰਨ ਸਲਾਮੀਆਂ, ਸ਼ਾਸਕ ਹੱਥ ਬੱਧੇ ।
ਪੈਰ ਨਾ ਹਟਣ ਪਿਛਾਂ ਨੂੰ, ਸਦਾ ਅਗੇ ਜਾਣਾ । ਹਰ ਕਦਮ ਵਿਚ ਜ਼ਿੰਦਗੀ, ਤੇ ਉਚ ਨਿਸ਼ਾਨਾ ।
ਅਕਾਲ ਪੁਰਖ ਅਰਾਧਣਾ, ਰਖ ਕੇ ਭਰਵਾਸਾ । ਐਸੇ ਸਿਖ ਦੇ ਮਨ ਵਿਚ, ਸਤਿਗੁਰ ਦਾ ਵਾਸਾ ।
ਮੱਤ ਪੱਤ ਉਸਦੀ ਦਾ ਸਦਾ, ਹਰ ਥਾਂ ਤੇ ਦਾਤਾ । ਰਾਖਾ ਤੇ ਹੈ ਆਸਰਾ ਉਹ ਆਪ ਵਿਧਾਤਾ ।
ਗੁਰ ਸਿਖ ਨੂੰ ਇਹ ਦੇਣ ਦੇ, ਗੁਰ ਕਲਗੀਆਂ ਵਾਲੇ । ਹਰ ਤਰਫ਼ ਹਰ ਥਾਂ ਤੇ ਕੀਤੇ ਉਜਿਆਲੇ ।
ਬਾਜਾਂ ਵਾਲੇ ਸਤਿਗੁਰੂ ਦੇ ਸਿੰਘ ਦਲੇਰੋ ! ਕਲਗੀਆ ਵਾਲੇ ਪਾਤਸ਼ਾਹ ਦੇ ਬਾਂਕੇ ਸ਼ੇਰੋ !
ਕੇਸਗੜ੍ਹ ਦੀ ਜੂਹ ਦੀ ਅਜ ਵੀ ਰੁਸ਼ਨਾਈ । ਸਿਖ ਜਗਤ ਨੂੰ ਦੇ ਰਹੀ ਪੁਖ਼ਤਾ ਅਗਵਾਈ ।
ਹੰਭਲਾ ਮਾਰ ਕੇ ਕਰ ਦਿਓ, ਹਰ ਪਾਸਾ ਉੱਚਾ । ਅੰਮ੍ਰਿਤਧਾਰੀ ਕਰ ਦਿਓ 'ਨੀਰ' ਪੰਥ ਸਮੁੱਚਾ ।

---


# ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣਯ

ਜਿਹੜੇ ਸਿੱਖ 'ਝਟਕਾ ਮਾਸ' ਖਾਣ ਨੂੰ 'ਗੁਰਮਤਿ ਦਾ ਅੰਗ' ਦਸ ਕੇ ਪ੍ਰਚਾਰ ਕਰਦੇ ਹਨ, ਉਹ ਵੀਰ ਹੇਠ ਲਿਖੀਆਂ ਪੁਸਤਕਾਂ ਅਤੇ ਟਰੈਕਟ ਪੜ੍ਹ ਕੇ ਨਿਰਣਾ ਕਰਕੇ ਦੱਸਣ 'ਝਟਕਾ ਮਾਸ' ਖਾਣਾ ਕਿਵੇਂ ਗੁਰਮਤਿ ਹੋ ਸਕਦਾ ਹੈ ?—

| | | |
|---|---|---|
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣਯ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੧੨–੦੦ |
| ਖਾਲਸਾ ਰਹਿਤ ਮਰਯਾਦਾ | ਸੂਰਾ ਪਰਵਾਰ | ੩–੫੦ |
| ਗੁਰਬਾਣੀ ਰਹਿਤਨਾਮਾ | ਭਾਈ ਰਾਮ ਸਿੰਘ ਜੀ | ੧–੫੦ |
| ਤਉ ਕਿਉ ਮੁਰਗੀ ਮਾਰੈ ? | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੨–੦੦ |
| ਗੁਰਸਿਖ ਰਹਿਣੀ | ਪ੍ਰੋ: ਅਮਰਜੀਤ ਕੌਰ ਜੀ | ੧–੫੦ |




www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੨੫)

# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਨ ਸਵਰਨ ਸਿੰਘ ਜੀ]

ਮੁਸੀਬਤਾਂ ਮੁਸ਼ਕਲਾਂ, ਥੁੜਾਂ ਤੇ ਸਿਰ ਉਤ ਹਰ ਸਮੇਂ ਮੌਤ ਦਾ ਪਰਛਾਵਾਂ ਤੇ ਜੰਗਲਾਂ ਬੇਲਿਆਂ, ਛੰਭਾਂ ਤੇ ਪਹਾੜਾਂ ਦੀਆਂ ਖੱਡਾਂ ਦੀ ਰਿਹਾਇਸ਼ ਨੇ, ਆਪਣੀ ਕੁਠਾਲੀ ਵਿਚ ਢਾਲ, ਤੇ ਉਤੋਂ ਸਖ਼ਤ ਅੱਗਾਂ ਦੇ ਦੇ ਕੇ ਸਿੰਘਾਂ ਨੂੰ ਕੁੰਦਨ ਬਣਾ ਦਿਤਾ। ਮੁਸੀਬਤਾਂ ਤੇ ਔਕੜਾਂ ਸਮੇਂ ਹੀ ਇਨਸਾਨ ਤ ਫਿਰ ਕੌਮਾਂ ਦੇ ਜੌਹਰ ਨਿਖਰਦੇ ਹਨ। ਜਿੰਨੀ ਸਖ਼ਤਾਈ ਤੇ ਕਸ਼ਟ ਕੋਈ ਝਲੇਗਾ, ਓਨਾ ਹੀ ਸਰੀਰਕ ਤੇ ਮਾਨਸਿਕ ਤੌਰ ਤੇ ਉਹ ਚਟਾਨ ਵਰਗਾ ਮਜ਼ਬੂਤ ਬਣਦਾ ਜਾਵੇਗਾ। ਸਖ਼ਤ ਹਾਲਾਤ ਵਿਚ ਦੀ ਲੰਘਣ ਵਾਲਾ ਮਜ਼ਬੂਤ ਤੇ ਬਹਾਦਰ ਬਣਦਾ ਹੈ, ਮਜ਼ਬੂਤ ਹੋ ਕੇ ਫਿਰ ਮਹਾਨ ਤੇ ਉਤਮ ਬਣਦਾ ਹੈ। ਮੁਸੀਬਤਾਂ ਦੀਆਂ ਕਾਲੀਆਂ ਬੋਲੀਆਂ ਰਾਤਾਂ ਵਿਚ ਵੀ ਉਹ ਆਪਣਾ ਰਾਹ ਉਜਾਗਰ ਕਰ ਕੇ ਅਗਾਂਹ ਮੰਜ਼ਲ ਵਲ ਵਧਦਾ ਹੈ। ਜ਼ਿੰਦਗੀ ਅਮੁਕ ਜਦੋ ਜਹਿਦ ਦੀ ਲੜੀ ਬਣ ਜਾਂਦੀ ਹੈ, ਜਿਸ ਵਿਚ ਬੜੇ ਬੜੇ ਕਾਰਨਾਮੇ ਵਜੂਦ ਵਿਚ ਆਉਂਦੇ ਹਨ, ਪੈਰ ਪੈਰ ਤੇ ਬੇਮਿਸਾਲ ਬਹਾਦਰੀ ਆਪਣੇ ਚਮਤਕਾਰ ਵਿਖਾਉਂਦੀ ਹੈ, ਜੋ ਕਾਗਜ਼ ਤੇ ਤਾਂ ਭਾਵੇਂ ਨਾ ਹੋਵੇ, ਪਰ ਸੀਨਿਆਂ ਵਿਚ, ਰੂਹ ਦੀ ਪੱਟੀ ਤੇ ਅੰਕਿਤ ਹੋ ਜਾਂਦੀ ਹੈ। ਬਹਾਦਰੀ, ਨਿਸਚਾ, ਦ੍ਰਿੜ੍ਹਤਾ, ਹੱਠ, ਤਿਆਗ ਤੇ ਸਦਾ ਚੜ੍ਹਦੀ ਕਲਾ ਵਿਚ ਰਹਿਣ ਵਾਲੀ ਸਪਿਰਿਟ, ਇਹ ਸਾਰੇ ਗੁਣ ਨਿਕਿਆਂ ਨਿਕਿਆਂ ਬੁੱਲਿਆਂ ਦੀ ਸ਼ਕਲ ਤੋਂ ਉਠ ਕੇ ਤੂਫ਼ਾਨ ਦਾ ਰੂਪ ਧਾਰਨ ਕਰ ਲੈਂਦੇ ਹਨ, ਜੋ ਰਸਤੇ ਵਿਚ ਖੜੀਆਂ ਹੋਣ ਵਾਲੀਆਂ ਭਿਆਨਕ ਔਕੜਾਂ ਦੇ ਝਾੜ-ਬੂਟ ਤੇ ਵਡੇ ਵਡੇ ਰੁਖ ਜੜ੍ਹੋਂ ਪੁਟ ਕੇ ਪਾਸੇ ਵਗਾਹ ਮਾਰਦਾ ਹੈ। ਮੁਸੀਬਤਾਂ ਤੇ ਕਸ਼ਟ ਹੀ ਹੀਰੇ ਪੈਦਾ ਕਰਦੇ ਹਨ।

ਜਦ ਘਰ-ਘਾਟ ਤਿਆਗ, ਹੱਥਾਂ ਵਿਚ ਤੇਗ਼ਾਂ ਲੇ, ਸਿੰਘ ਜੰਗਲਾਂ ਵਿਚ ਜਾ ਨਿਕਲੇ ਤਾਂ ਕੁਦਰਤ ਨੇ ਆਪਣੀ ਰਹਿਮਤ ਦੇ ਦਰਵਾਜ਼ੇ ਉਨ੍ਹਾਂ ਵਾਸਤੇ ਖੋਲ੍ਹ ਦਿਤੇ। ਧਰਤੀ ਦੇ ਮੈਦਾਨਾਂ ਦੇ ਖੁਲ੍ਹੇ ਖਿਲਾਰ, ਜੰਗਲ, ਪਹਾੜ, ਦਰਿਆ, ਜੋ ਕੁਦਰਤ ਦੇ ਸ਼ੋ-ਪੀਸ (ਵਿਸ਼ੇਸ਼ ਵਿਖਾਲੇ) ਹਨ, ਅਥਾਹ ਅਕਾਸ਼, ਰਾਤਾਂ ਦੇ ਸਾਥੀ ਤਾਰੇ, ਜੋ ਉਨ੍ਹਾਂ ਦੀ ਹੋਣ ਵਾਲੀ ਆਖ਼ਰੀ ਜਿਤ ਦੇ ਇਸ਼ਾਰੇ ਕਰਦੇ ਸਨ, ਉਨ੍ਹਾਂ ਦੇ ਵਿਸ਼ਾਲ ਹਿਰਦਿਆਂ ਵਿਚ ਇੰਜ ਸਮਾ ਗਏ ਜਿਵੇਂ ਕੁਦਰਤ ਨੇ ਸਾਜਿਆ ਹੀ ਉਨ੍ਹਾਂ ਲਈ ਹੋਵੇ। ਪਹਾੜਾਂ ਚਟਾਨਾਂ ਨਾਲੋਂ ਵਧ ਪੱਕਾ ਤੇ ਅਟੱਲ ਅਹਿੱਲ ਨਿਸਚਾ, ਦਰਿਆਵਾਂ ਦੇ ਵਹਿਣ ਵਾਂਗ ਨਾ ਰੁਕਣ ਵਾਲਾ ਮਾਨਸਿਕ ਵੇਗ, ਜੋ ਆਪਣੀ ਨਿਸਚਤ ਮੰਜ਼ਲ ਵਲ ਅਰੋਕ ਵਧਦਾ ਜਾਵੇ, ਆਕਾਸ਼ ਵਰਗੀ ਅਥਾਹ ਤੇ ਵਿਸ਼ਾਲ, ਪਰ ਸੂਰਜ ਚੰਦ ਤਾਰਿਆਂ ਵਰਗੀ ਨਿਖਰੀ ਸੋਚ ਕੁਦਰਤ ਨੇ ਇਨ੍ਹਾਂ 'ਬੇਘਰੇ' ਸਿੰਘਾਂ ਦੀ ਝੋਲੀ ਪਾਈ। ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਉਹ ਕਿਡੇ ਬਲਵਾਨ ਤੇ ਮਹਾਨ ਹਨ।

ਸਤਿਗੁਰੂ ਦੀ ਰਹਿਮਤ ਸਦਕਾ ਉਨ੍ਹਾਂ ਨੂੰ ਪਹਿਲਾਂ ਹੀ ਨਿਗਰ, ਬਲਵਾਨ, ਵਿਸ਼ਾਲ ਤੇ ਸ਼ੁਧ ਸੋਚ ਪਰਦਾਨ ਹੋ ਚੁਕੀ ਸੀ। ਇਹ ਉਚੀ ਮਤਿ ਹੀ ਉਨ੍ਹਾਂ ਦੀ ਸਭ ਤੋਂ ਵਡੀ ਤੇ ਕੀਮਤੀ ਪੂੰਜੀ ਸੀ। ਘਰ ਘਾਟ ਛੱਡ ਜਦ ਜੰਗਲਾਂ ਵਿਚ ਆਣ ਡੇਰੇ ਲਾਏ ਤਾਂ ਉਨ੍ਹਾਂ ਨੂੰ ਕੋਈ ਥੁੜ ਨਹੀਂ ਜਾਪੀ, ਸਗੋਂ ਅਟੁਟ ਵਿਸ਼ਵਾਸ ਕੀਤਾ ਕਿ ਕੁਦਰਤ ਨੇ ਆਪਣੇ ਸਾਰੇ ਖ਼ਜ਼ਾਨੇ ਉਨ੍ਹਾਂ ਹੱਥ ਦੇ ਦਿਤੇ ਹਨ। ਰੂਹ ਦੀ ਵਡਮੁੱਲੀ ਦੌਲਤ ਆਨੰਦ ਦੀ ਬਖ਼ਸ਼ਿਸ਼ ਨਾਲ ਉਹ ਮਾਲਾ ਮਾਲ ਹੋ ਗਏ ਹਨ। ਜ਼ਿੰਦਗੀ ਦੀ ਕਠਨਾਈ ਤੇ ਰੰਜ਼ਾਨਾ ਦੀ ਨੱਠ-ਭੱਜ ਨੇ ਉਨ੍ਹਾਂ ਨੂੰ ਬੜੀ ਵਧੀਆ ਸਿਹਤ ਦਿਤੀ ਤੇ ਜਿਸਮ ਬੜੇ ਮਜ਼ਬੂਤ ਤੇ ਫ਼ੌਲਾਦ ਵਰਗੇ ਸਖ਼ਤ ਬਣ ਗਏ, ਚੁਸਤ ਫੁਰਤ ਤੋਰ ਲਈ ਮਜ਼ਬੂਤ ਲੱਤਾਂ, ਹਰ ਹਰਕਤ ਹੀ ਤੇਜ਼ੀ ਵਾਲੀ। ਘੋੜੇ ਦੀ ਪਿਠ ਤ ਸੌ ਸੌ ਕੋਹ ਪੈਂਡਾ ਕਰਨਾ ਰੋਜ਼ ਦੀ ਖੇਡ ਸੀ। ਪੈਦਲ ਸਿੰਘ ਵੀ ਮਗਰੇ ਓਸੇ ਸ਼ਾਮ ਨੂੰ ਸੌ ਕੋਹ ਨਿਬੇੜ ਕੇ ਸਾਥੀਆਂ ਨਾਲ ਆ ਮਿਲਦੇ। ਰਾਤ ਨੂੰ ਹੀ ਕੁਝ ਘੰਟੇ ਆਰਾਮ ਨੂੰ ਮਿਲੇ, ਅਗਲੇ ਦਿਨ ਫਿਰ ਉਹੋ ਹਾਲ। ਸਰੀਰ ਦੀ ਮਜ਼ਬੂਤੀ ਦਾ ਇਹ ਹਾਲ ਕਿ ਜੇ ਕੋਈ ਸਿੰਘ ਵਲਾਇਤੀ ਘੋੜੇ ਨੂੰ ਲਤ



www.AKJ.Org

ਮਾਰੇ ਤਾਂ ਥਾਂ ਤੇ ਹੀ ਮਾਰ ਦੇਵੇ। ੧੭੬੫ ਈ: ਵਿਚ ਜਦ ਕਾਜ਼ੀ ਨੂਰ ਮੁਹੰਮਦ ਨੇ ਵੇਖਿਆ ਸੀ ਤਾਂ ਉਹ ਇਹ ਤਾਕਤ ਤੱਕ ਕੇ ਦੰਗ ਰਹਿ ਗਿਆ ਸੀ। ੧੭੬੫ ਈ: ਵਿਚ ਉਹ ਕਲਾਤ ਦੇ ਨਵਾਬ ਨਸੀਰ ਖ਼ਾਂ ਨਾਲ ਸੀ, ਜਦ ਨਸੀਰ ਖ਼ਾਨ ਸਿਖਾਂ ਨੂੰ ਧਰਤੀ ਤੋਂ ਮਿਟਾ ਦੇਣ ਦਾ ਤਹੱਈਆ ਕਰ ਕੇ, ਚੜ੍ਹ ਕੇ ਆਏ ਅਹਿਮਦ ਸ਼ਾਹ ਦੁੱਰਾਨੀ ਦਾ ਇਮਦਾਦੀ ਬਣ ਕੇ ਆਇਆ ਸੀ। ਕਾਜ਼ੀ ਨੂਰ ਮੁਹੰਮਦ ਫ਼ਾਰਸੀ ਦਾ ਸ਼ਾਇਰ ਵੀ ਸੀ। ਕਲਾਤੀਆ ਨਸੀਰ ਖਾਨ ਇਸੇ ਲਈ ਉਸ ਨੂੰ ਨਾਲ ਲਿਆਇਆ ਸੀ ਕਿ ਸਿਖਾਂ ਵਿਰੁਧ ਉਸ ਨੂੰ ਲੜਦੇ ਤੇ ਉਸਦੀ ਬਹਾਦਰੀ ਦੇ ਜੌਹਰ ਵੇਖ ਕੇ ਕਾਜ਼ੀ ਉਸ ਦਾ ਜੰਗ ਨਾਮਾ ਲਿਖੇ। ਨੂਰ ਮੁਹੰਮਦ ਸਿੱਖਾਂ ਪ੍ਰਤੀ ਬੜਾ ਤੁਅਸਬ ਤੇ ਨਫ਼ਰਤ ਰਖਦਾ ਸੀ। ਤੁਅਸਬ ਚਿ ਅੰਨ੍ਹਾ ਹੋ ਕੇ ਉਹ ਸਿੱਖਾਂ ਨੂੰ ਬੇਵਜ੍ਹਾ ਗਾਲ੍ਹੀ ਦੇਂਦਾ ਥਕਦਾ ਨਹੀਂ। ਬੜੀ ਘਟੀਆ ਤੇ ਬੇਹੂਦਾ ਸ਼ਬਦਾਵਲੀ ਵਰਤੀ ਹੈ ਉਸ ਨੇ ਸਿਖਾਂ ਬਾਰੇ। ਸੱਗ (ਕੁਤੇ), ਰੂ-ਸਿਆਹ (ਕਾਲੇ ਮੂੰਹ ਵਾਲੇ), ਖ਼ੂਕ ਖ਼ੋਰ, ਖ਼ਨਜ਼ੀਰ ਖ਼ੋਰ (ਖ਼ੂਕ, ਖ਼ੰਨਜ਼ੀਰ ਦੋਨਾਂ ਦੇ ਮਾਅਨੀ ਸੂਰ ਹੈ, ਸੂਰ ਖਾਣੇ), ਬਦ-ਸਰਿਸ਼ਤ (ਭੈੜੀ ਖੋ ਵਾਲੇ), ਬਦ ਰਗ (ਭੈੜ, ਨਾਲਾਕਿ) ਜ਼ਿਸ਼ਤ ਰੂ (ਬੁਰੇ ਮੂੰਹ ਵਾਲੇ), ਕਾਫ਼ਰ ਨਜਸ (ਗੰਦੇ) ਪਲੀਦ ਆਦਿ ਕੋਝੇ ਸ਼ਬਦ ਵਰਤਦਾ ਹੋਇਆ ਕਿਤਿਓਂ ਦਾ ਕਿਤੇ ਚਲਾ ਜਾਂਦਾ ਹੈ। ਕਲਾਤ ਪੰਜਾਬੋਂ ਕੋਈ ਬਹੁਤੀ ਦੂਰ ਨਹੀਂ। ਸੱਖਰ ਜੋ ਸਿੰਧ ਦੇ ਖਬੇ ਕੰਢੇ ਨਾਲ ਸਥਿਤ ਹੈ, ਤੋਂ ਕਲਾਤ ਪਹਾੜ (ਉਤਰ) ਲਹਿੰਦੇ ਵਿਚ ੩੦ ਡਿਗਰੀ ਤੇ ੨੦੦ ਕਿਲੋਮੀਟਰ ਦੀ ਦੂਰੀ ਅਤੇ ਕੋਇਟੇ ਤੋਂ ੧੮ ਡਿਗਰੀ ਦਖਣ-ਪੱਛਮ ੧੩੦ ਕਿਲੋਮੀਟਰ ਦੇ ਫ਼ਾਸਲੇ ਉਤੇ ਬਲੋਚਿਸਤਾਨ ਵਿਚ ਵਾਕਿਆ ਹੈ। ਉਸ ਵੇਲੇ ਦੀ ਆਵਾ-ਜਾਈ ਦੇ ਹਿਸਾਬ ਤੇ ਲੋਕਾਂ ਦੇ ਇਕ ਦੂਜੇ ਬਾਰੇ ਜਾਣੂ ਹੋਣਾ ਅੱਜ ਵਾਂਗ ਹੀ ਸੀ। ਤੁਰਕੀ ਇਰਾਕ, ਈਰਾਨ, ਅਰਬ, ਬਲੋਚਿਸਤਾਨ, ਅਫ਼ਗਾਨਿਸਤਾਨ ਤੇ ਹਿੰਦੁਸਤਾਨ ਵਿਚ ਵਿਉਪਾਰ ਰਾਹੀਂ ਡਾਢਾ ਸੋਹਣਾ ਰਾਬਤਾ ਕਾਇਮ ਸੀ। ਇਹ ਸਪੱਸ਼ਟ ਹੈ ਕਿ ਅਫ਼ਗਾਨਿਸਤਾਨ ਔਰੰਗਜ਼ੇਬ ਤੋਂ ਪਿਛੋਂ ਮੁਹੰਮਦਸ਼ਾਹ ਰੰਗੀਲੇ ਤਕ ਕਿਸੇ ਨਾ ਕਿਸੇ ਸ਼ਕਲ ਵਿਚ ਹਿੰਦੁਸਤਾਨ ਦੇ ਅਧੀਨ ਰਿਹਾ ਹੈ। ਇਸ ਪਾਸੇ ਦਿਲੀਓਂ ਚੱਲ ਬਹਾਵਲਪੁਰ, ਸਿੱਬੀ, ਕੋਇਟਾ ਤੇ ਬੋਲਾਨ ਦੱਰੇ ਥਾਣੀ ਹੋ ਕਾਫ਼ਲੇ ਕੰਧਾਰ, ਤੇ ਫਿਰ ਇਸ ਤੋਂ ਅੱਗੇ ਹਿਰਾਤ ਤੇ ਮਸ਼ਹਦ ਵਲ ਨੂੰ ਦਿਨ ਰਾਤ ਚਲਦੇ ਰਹਿੰਦੇ ਸਨ। ਕਾਫ਼ਲੇ ਹਰ ਪ੍ਰਕਾਰ ਦੀਆਂ ਖ਼ਬਰਾਂ ਦਾ ਵੀ ਸਾਧਨ ਹੁੰਦੇ ਸਨ। ਵਖ ਵਖ ਖਿੱਤਿਆਂ ਦੇ ਲੋਕਾਂ ਦਾ ਮੇਲ ਜੋਲ, ਸਭਿਆਚਾਰਕ ਖਲਤ ਮਲਤ ਤੇ ਰਸਮ ਰਿਵਾਜ ਦੇ ਸੰਚਾਰ ਵਿਚ ਇਨ੍ਹਾਂ ਰਾਹਾਂ ਤੇ ਕਾਫ਼ਲਿਆਂ ਦਾ ਬੜਾ ਵੱਡਾ ਯਗਦਾਨ ਸੀ ਤੇ ਇਹ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਕਾਜ਼ੀ ਸਾਹਿਬ ਨੂੰ ਸਿਖਾਂ ਬਾਰੇ ਸਭ ਕੁਝ ਪਤਾ ਜ਼ਰੂਰ ਹੋਵੇਗਾ। ਕਾਬਲ ਜਾਂ ਕੰਧਾਰੋਂ ਚਲ ਕੇ ਦਿੱਲੀ ਜਾਣ ਲੱਗਿਆਂ ਉਨ੍ਹਾਂ ਜੂਹਾਂ ਵਿਚ ਦੀ ਲੰਘਣਾ ਪੈਂਦਾ ਸੀ, ਜਿਨ੍ਹਾਂ ਵਿਚ ਸਿੰਘ ਬੁਕਦੇ ਸਨ ਤੇ ਸੰਝ ਸਵੇਰ ਜੈਕਾਰੇ ਗੂੰਜਦੇ ਸੁਣਾਈ ਦੇਂਦੇ ਸਨ।

ਲਾਲਚ ਤੇ ਤੁਅੱਸਬ-ਵੱਸ ਕਾਜ਼ੀ ਜੀ ਸਿੱਖਾਂ ਵਿਰੁਧ ਗਾਲ੍ਹੀਆਂ ਦਾ ਤੂਫ਼ਾਨ ਖੜਾ ਕਰ ਦੇਂਦੇ ਹਨ, ਸਿਰਫ਼ ਜਦ ਤਕ ਸਿਖਾਂ ਨਾਲ ਵਾਹ ਨਹੀਂ ਪਿਆ ਤੇ ਉਨ੍ਹਾਂ ਦੇ ਜੌਹਰ ਅਖੀਂ ਨਹੀਂ ਵੇਖ ਲਏ। ਅਹਿਮਦਸ਼ਾਹ ਦੁੱਰਾਨੀ, ਜਿਸ ਦੇ ਸੰਗ ਹੋ ਕੇ ਕਾਜ਼ੀ ਜੀ ਦਾ ਆਕਾ-ਇ-ਨਾਮਦਾਰ ਨਸੀਰ ਖਾਨ ਲੜਦਾ ਹੈ, ਨਾਲ ਸਿੰਘਾਂ ਦੀਆਂ ਸਤਲੁਜ ਬਿਆਸ ਵਿਚਕਾਰ ਸਤ ਲੜਾਈਆਂ ਹੋਈਆਂ ਹਨ। ਦੁਰਾਨੀਆਂ ਤੇ ਬਲੋਚਾਂ ਦਾ ਜਹਾਦ ਦਾ ਚਾਅ ਸਿੰਘਾਂ ਨੇ ਤੇਗਾਂ ਨੇਜ਼ਿਆਂ ਨਾਲ ਲਾਹ ਦਿਤਾ ਹੈ। ਅਹਿਮਦ ਸ਼ਾਹ ਦੀ ਦਿਲੀ ਅੱਪੜਨ ਦੀ ਖ਼ਾਹਿਸ਼ ਹਸਰਤ ਬਣ ਗਈ ਹੈ ਤੇ ਵਾਹੋਦਾਹੀ ਅਫ਼ਗਾਨਿਸਤਾਨ ਨੂੰ ਪਰਤ ਜਾਣਾ ਚਾਹੁੰਦਾ ਹੈ। ਨੂਰ ਮੁਹੰਮਦ ਦਾ ਤੁਅੱਸਬ ਖਾਲਸਾ ਜੀ ਦੀ ਬਹਾਦਰੀ ਤੇ ਨੈਤਿਕਤਾ ਅੱਗੇ ਕਾਫ਼ੂਰ ਹੋ ਗਿਆ ਹੈ। ਉਸ ਦੀ ਕਲਮ, ਜੋ ਗਾਲ੍ਹੀਂ ਦੇਂਦੀ ਨਹੀਂ ਸੀ ਥਕਦੀ, ਹੁਣ ਸਿਫ਼ਤਾਂ ਸਲਾਹੁਤਾ ਕਰਦੀ ਨਹੀਂ ਅੱਕਦੀ। ਸਿਫ਼ਤ ਉਹ ਹੁੰਦੀ ਐ ਜਿਸ ਨੂੰ ਦੁਸ਼ਮਣ ਵੀ ਮੰਨੇ ਤੇ ਆਪਣੀ ਜ਼ੁਬਾਨ ਨਾਲ ਜਾਂ ਲਿਖ ਕੇ ਖ਼ੁਦ ਕਰੇ ਕਾਜ਼ੀ ਜੀ ਨੇ ਜਲਵੇ ਵੇਖ ਲਏ ਹਨ, ਪੂਰੀ ਤਰ੍ਹਾਂ ਪ੍ਰਭਾਵਤ ਹੋ ਗਏ ਹਨ। ਬਲੋਚਾਂ ਤੇ ਅਫ਼ਗਾਨਾਂ ਦੀਆਂ ਆਉਣ ਵਾਲੀਆਂ ਨਸਲਾਂ ਨੂੰ ਵੀ ਸਬਕ ਸਮਝਾਉਣੀਆਂ ਦੇਂਦੇ ਸਿਖਾਂ ਤੋਂ ਲੜਾਈ ਦੇ ਗੁਣ ਸਿਖਣ ਤੇ ਸਿਖਾਂ ਤੋਂ ਬਚ ਕੇ ਰਹਿਣ ਦੇ ਗੁਰ ਦਸਦੇ ਹੋਏ


www.AKJ.Org

ਓਸੇ ਜ਼ਬਾਨ ਨਾਲ ਅਸ਼ ਅਸ਼ ਕਰਦੇ ਹੋਏ ਕਹਿੰਦੇ ਹਨ :—

(੧) ਸਗਾਂ ਰਾ ਮਗੋ ਸਗ ਕਿ ਹਸਤੰਦ ਸ਼ੇਰ। ਬ-ਮੈਦਾਨਿ ਮਰਦਾਂ ਚੂੰ ਸ਼ੇਰਾਨ ਦਲੇਰ।
(੨) ਕੁਜਾ ਸਗ ਬਵਦ ਆਂ ਜਵਾਨ-ਇ-ਨਬਰਦ। ਕਿ ਚੂੰ ਸ਼ੇਰ ਸ਼ਰਜ਼ਾ ਜਨਦ ਦਰ ਨਬਰਦ।
(੩) ਅਗਰ ਕਸਬ-ਇ-ਜੰਗਤ ਬਵਦ ਆਰਜ਼ੂ। ਬਿਆ ਵ ਬ-ਮੈਦਾਨ-ਇ-ਏਸ਼ਾਂ ਬਰੋ।
(੪) ਕਿ ਜੰਗਤ ਨਿਸ਼ਾਨ ਮੀ ਦਿਹੰਦ ਆਂ ਚੁਨਾਂ। ਕਿ ਗੋਇੰਦ ਅਹਿਸਨਤ ਆਂ ਹਮਗ਼ਨਾਂ।
(੫) ਫ਼ਨ-ਇ-ਜੰਗ ਗਰ ਖ਼ਾਹੀ ਆਮੋਖ਼ਤਨ। ਅਜ਼ ਏਸ਼ ਬਿਆਮੋਜ਼ ਐ ਤੇਗ਼ ਜ਼ਨ।
(੬) ਕਿ ਦਰ ਪੇਸ਼-ਇ-ਦੁਸ਼ਨ ਸ਼ੁਦਨ ਮਰਦਵਾਰ। ਸਲਾਮਤ ਬਦਰ ਰਫ਼ਤਨ ਅਜ਼ ਕਾਰ ਜ਼ਾਰ।
(੭) ਬਵਦ ਸਿੰਘ ਅਲਕਾਬ-ਇ-ਓ ਦਾਨੀਅਸ਼। ਜ਼ਿ ਇਨਸਾਫ਼ ਨਾ ਬਵਦ ਸੱਗ ਖ਼ਾਨੀਅਸ।
(੮) ਅਗਰ ਮੀ ਨਦਾਨੀ ਤੁ ਹਿੰਦੀ ਜ਼ਬਾਂ। ਬਵਦ ਮਾਅਨੀ-ਇ-ਸਿੰਘ ਸ਼ੇਰ ਐ ਜਵਾਂ।
(੯) ਚੂੰ ਸ਼ੇਰ ਅੰਦ ਅਲਹਕ ਹੰਗਾਮ-ਇ ਰਜ਼ਮ। ਜ਼ਿ ਹਾਤਮ ਫ਼ਜ਼ੂਨੰਦ ਹੰਗਾਮ-ਇ-ਬਜ਼ਮ।
(੧੦) ਚੂ ਦਰ ਦਸਤ ਗੀਰੰਦ ਸ਼ਮਸ਼ੇਰ-ਇ-ਹਿੰਦ। ਬਤਾਜ਼ੰਦ ਅਜ਼ ਹਿੰਦ ਤਾ ਮੁਲਕ-ਇ-ਸਿੰਧ।
(੧੧) ਬ ਰੂਇਸ਼ ਨ ਉਫ਼ਤ ਪੁਰ ਖ਼ਾਸ਼ ਕਸ। ਕਿ ਹਰ ਚੰਦ ਜ਼ੋਰ ਅਜ਼ਮਾਇਸ਼ਤ ਬਸ।
(੧੨) ਚੂ ਦਰ ਨੇਜ਼ਾ ਬਾਜ਼ੀ ਦਰਾਰੰਦ ਦਸਤ। ਦਰਾਰੰਦ ਦਰ ਫ਼ੌਜ-ਇ-ਦੁਸ਼ਮਣ ਸ਼ਿਕੱਸਤ।
(੧੩) ਸਰ-ਇ-ਨੇਜ਼ਾ ਬਰ ਆਸਮਾਂ ਮੀ ਬੁਰੰਦ। ਅਗਰ ਕੋਹ ਕਾਫ਼ ਅਸਤ ਜ਼ਹਮ ਬੁਰਦਰੰਦ।
(੧੪) ਦਰਾਰੰਦ ਜ਼ਹ ਚੂੰ ਬ-ਚਾਚੀ ਕਮਾਂ। ਖ਼ਦੰਗ-ਇ-ਅਦੂ ਕੁਸ਼ ਨਿਹੰਦ ਅੰਦਰਾਂ।
(੧੫) ਜ਼ਹ-ਇ-ਆਂ ਕਮਾਂ ਚੂੰ ਬਹ ਗੋਸ਼ਿਸ਼ ਰਸਦ। ਬ-ਮੱਲ-ਇ ਰਹ ਅਜ਼ ਖ਼ਸਮ ਸਰ ਜ਼ਦ ਜਸਦ।
(੧੬) ਤਬਰ ਜ਼ੀਨ-ਇ-ਸ਼ਾਂ ਗਰ ਰਸਦ ਬਰ ਜ਼ਰਹ। ਜ਼ਰਹ ਬਰ ਤਨ-ਇ-ਖ਼ਸਮ ਗਰਦਦ ਗਰਹ।
(੧੭) ਬਰ ਤਨ ਹਰ ਯਕੇ ਹਮ ਚੂ ਯੱਕ ਪਾਰ੍ਹਾ ਕੋਹ। ਜ਼-ਪੰਜਾਹ ਮਰਦਸ਼ ਫ਼ਜ਼ੂੰ ਦਰ ਸ਼ਕੋਹ।
(੧੮) ਅਗਰ ਗੋਰ ਮੀ ਕੁਸ਼ਤ ਬਹਿਰਾਮ ਗੋਰ। ਬਹ ਸ਼ੇਰਾਂ ਦਰ ਅਫ਼ਗੰਦ੍ਹਾ ਗੋਗਾ ਸ਼ੋਰ।
(੧੯) ਚੂ ਬਹਿਰਾਮ ਗੋਰ ਅਸਤ ਦਰ ਪੇਸ਼ ਸ਼ਾਂ। ਨਹਦ ਨੀਜ਼ ਬਹਿਰਾਮ ਸਰ ਪੇਸ਼ ਸ਼ਾਂ।
(੨੦) ਗੁਜ਼ਸ਼ਤ੍ਹਾ ਅਜ਼ੀ ਅਸਲ੍ਹਾ ਗਰ ਤੁਫ਼ੰਗ। ਬਗੀਰੰਦ ਦਰ ਦਸਤ ਹੰਗਾਮ-ਇ-ਜੰਗ।
(੨੧) ਬਮੈਦਾਨ ਦਰ ਆਇਦ ਜੋਲਾਂ ਕੁਨਾਂ। ਚੂ ਸ਼ਰਾਨ-ਏ-ਗੁੱਰਾਂ ਵ ਨਾਅਰਾ ਜ਼ਨਾਂ।
(੨੨) ਬਸੇ ਸੀਨਾ ਹਾ ਰਾ ਨਮਾਇੰਦ ਚਾਕ। ਬਸਾ ਖ਼ੂੰ ਬਰੇਜ਼ੰਦ ਦਰ ਖ਼ੂਨ ਖ਼ਾਕ।
(੨੩) ਤੁ ਗੋਈ ਕਿ ਹਸਤ ਈਂ ਤੁਫ਼ੰਗ ਅਜ਼ ਕਦੀਮ। ਜ਼ਿ ਹਿਕਮਤ-ਇ-ਸਗਾਂ ਨੇਜ਼ ਲੁਕਮਾਂ ਹਕੀਮ।
(੨੪) ਅਜ਼ ਏਸ਼ਾਂ ਜ਼ਿਅਦਾ ਦਗੀਂ ਫ਼ਨ ਕਸੇ। ਨਦਾਨੰਦ ਤੁਫ਼ੰਗੀ ਅਸਤ ਗਰ ਚਿਹ ਬਸੇ।
(੨੫) ਯਮੀਨੋ ਯਸਾਰੋ ਪਸੋ ਪੇਸ਼ ਹਮ। ਬਦੋ ਮੀ ਜ਼ਨਦ ਸਦ ਤੁਫ਼ੰਗ ਆਂ ਦੱਯਮ।
(੨੬) ਅਗਰ ਬਾਵਰਤ ਨੇਸਤ ਬਰ ਗੁਫ਼ਤ-ਇ-ਮਨ। ਬ-ਪੁਰਸ ਅਜ਼ ਦਲੇਰਾਨ-ਇ-ਸ਼ਮਸ਼ੇਰਜ਼ਨ।
(੨੭) ਕਿ ਖ਼ਾਹੰਦ ਗੁਫ਼ਤਨ ਜ਼ਿਆਦਾ ਅਜ਼ੀਂ। ਨਮਾਇੰਦ ਬਰ ਜੰਗ-ਇ-ਸ਼ਾਂ ਆਫ਼ਰੀਂ।
(੨੮) ਗਵਾਹ ਈਂ ਸੁਖ਼ਨ ਈਂ ਕਿ ਬਾਸ਼ੀ ਹਜ਼ਾਰ। ਮਬਾਰਜ਼ ਸ਼ੁਦ ਹਸਤੰਦ ਦਰ ਕਾਰ ਜ਼ਾਰ।
(੨੯) ਹਜ਼ੀਮਤ ਗਰ ਉਫ਼ਤਦ ਦਰ ਅਫ਼ਵਾਜ-ਇ-ਸ਼ਾਂ। ਤੁ ਆਂ ਰਾ ਹਜ਼ੀਮਤ ਮਦਾਂ ਐ ਜਵਾਂ।
(੩੦) ਕਿ ਈਂ ਆਂ ਖ਼ੁਦਅ੍ਹ ਹਸਤ ਅਜ਼ ਜੰਗ-ਇ ਸ਼ਾਂ। ਹਜ਼ਰ ਕੁਨ ਹਜ਼ਰ ਕੁਨ ਦੋਬਾਰ੍ਹਾ ਅਜ਼ਾਂ।
(੩੧) ਕਿ ਖ਼ੁਦਅ-ਇ-ਸ਼ਾਂ ਬਵਦ ਈਂ ਚੁਨੀਂ। ਕਿ ਚੀਰਾ ਸ਼ਵਦ ਖ਼ਸਮ ਦਰ ਖ਼ਸ਼ਮ ਕੀਂ।
(੩੨) ਬਤਾਜ਼ਦ ਪਸ-ਇ-ਏਸ਼ਾਂ ਅਜ਼ ਲਸ਼ਕਰਸ਼। ਜੁਦਾ ਮਾਂਦ ਅਜ਼ ਕੋਮਕ-ਵ-ਯਾਵਰਸ਼।
(੩੩) ਅਜ਼ਾਂ ਪਸ ਬਗਰਦੰਦ ਰੂ ਪਸ ਕੁਨੰਦ। ਅਗਰ ਆਬ ਬਾਸ਼ਦ ਦਰ ਆਤਿਸ਼ ਜਨੰਦ।......
(੪੪) ਜ਼ੁਜ਼ ਅਜ਼ ਜੰਗ-ਇ-ਸ਼ਾਂ ਨੁਕਤਾ ਦੀਗਰ ਸ਼ਨੋ। ਕਿ ਬੁਰਦੰਦ ਅਜ਼ ਜੰਗ ਜੋਇਆਂ ਗਰੋ।



www.AKJ.Org

(੪੫) ਕਿ ਨਾ ਕੁਸ਼ਤੰਦ ਨਾਮਰਦ ਰਾ ਹੇਚਗਾਹ। ਗੁਰੇਜ਼ਿੰਦਾ ਰਾਹਮ ਨਾ ਗੀਰੰਦ ਰਾਹ।
(੪੬) ਜ਼ਰੋ ਜ਼ੇਵਰੋ ਜ਼ਨ ਬਤਾਰਾਜ ਨੀਜ਼। ਨਾ-ਗੀਰਿੰਦਾ ਗਰ ਮੁਹਰਾ ਹਸਤੋ ਕਨੀਜ਼।
(੪੭) ਜ਼ਨਾਹਮ ਨ-ਬਾਸ਼ਦ ਮਿਆਨ-ਇ-ਸਗਾਂ। ਨਾ ਦੁਜ਼ਦੀ ਬਵਦ ਕਾਰ-ਇ ਆਂ ਬਦ-ਰੰਗਾਂ।
(੪੮) ਕਿ ਜ਼ਨ ਗਰ ਜਵਾਨ ਹਸਤ ਵਰ ਹਸਤ ਪੀਰ। ਬਗੋਇੰਦ ਬੁਢੀਆ ਬਰੋ ਗੋਸ਼ਾਗੀਰ।
(੪੯) ਬਵਦ ਲਫਜ਼-ਇ-ਬੁਢੀਆ ਦਰ ਹਿੰਦੀ ਜ਼ੁਬਾਂ। ਬਹ ਮਾਅਨੇ ਕਿ ਐ ਪੀਰ ਜ਼ਾਲ-ਇ-ਜ਼ਨਾਂ।
(੫੦) ਨਾ ਦੁਜ਼ਦੀਸਤ ਹਰਗਿਜ਼ ਮਿਆਨ-ਇ-ਸਗਾਂ। ਨਾ ਪੈਦਾਸਤ ਸਾਰਿਕ ਦਰਾਂ ਬਦਰਗਾਂ।
(੫੧) ਕਿ ਜ਼ਾਨੀ ਵ ਸਾਰਿਕ ਨ ਦਾਰੰਦ ਦੋਸਤ। ਵਗਰ ਫ਼ੇਅਲ-ਇ-ਸ਼ਾਂ ਜੁਮਲਗੀ ਨਾ ਨਿਕੋ-ਸਤ।

**ਉਲਥਾ** :—

(੧) "ਸਗਾਂ" (ਕੁੱਤਿਆਂ ਨੂੰ (ਭਾਵ ਸਿਖਾਂ ਨੂੰ) 'ਸੱਗ' ਨਾ ਕਹੋ, ਕਿਉਂਕਿ ਇਹ ਵਾਕਿਆ ਹੀ ਸ਼ੇਰ ਹਨ ਅਤੇ ਸੂਰਮਗਤੀ ਦੇ ਮੈਦਾਨ ਵਿਚ ਸ਼ੇਰਾਂ ਵਾਂਗੂੰ ਹੀ ਦਲੇਰ ਹਨ।

(੨) ਰਣਤੱਤੇ ਦਾ ਉਹ ਸੂਰਮਾ ਜੋ ਲੜਾਈ ਵਿਚ ਬੁਕੇ ਤੇ ਗੱਜੇ, ਕਿਵੇਂ 'ਸੱਗ' ਹੋ ਸਕਦਾ ਹੈ ?

(੩) ਜੇ ਤੈਨੂੰ ਲੜਾਈ ਦਾ ਹੁਨਰ ਸਿਖਣ ਦੀ ਖ਼ਾਹਿਸ਼ ਹੈ ਤਾਂ ਜੰਗ ਦੇ ਮੈਦਾਨ ਵਿਚ ਇਨ੍ਹਾਂ ਦੇ ਸਾਮ੍ਹਣੇ ਹੋ।

(੪) ਉਹ ਤੈਨੂੰ ਲੜਾਈ ਦੇ ਅਜਿਹੇ ਢੰਗ ਸਿਖਾਉਣਗੇ ਕਿ ਸਾਰੇ ਵਾਹ ਵਾਹ ਪਏ ਕਹਿਣਗੇ।

(੫-੬) ਹੇ ਤਲਵਾਰ-ਧਾਰੀ ਸੂਰਮੇ, ਜੇ ਤੇਰੇ ਮਨ ਵਿਚ ਲੜਾਈ ਸਿਖਣ ਦੀ ਚਾਹ ਹੈ ਤਾਂ ਇਨ੍ਹਾਂ ਪਾਸੋਂ ਸਿਖ ਕਿ ਕਿਵੇਂ ਸੂਰਬੀਰਾਂ ਵਾਂਗ ਵੈਰੀ ਦੇ ਸਨਮੁਖ ਹੋਣਾ ਚਾਹੀਦਾ ਹੈ, (ਅਪਣਾ ਕੰਮ ਕਰਕੇ) ਅਤੇ ਲੜਾਈ ਵਿਚੋਂ ਕਿਵੇਂ ਆਪਣੇ ਆਪ ਨੂੰ ਵੈਰੀ ਤੋਂ ਸਾਫ਼ ਬਚਾ ਲਿਜਾਈਦਾ ਹੈ।

(੭) 'ਸਿੰਘ' ਸ਼ਬਦ ਬਾਰੇ ਸਮਝ ਲੈ ਕਿ ਇਹ ਇਨ੍ਹਾਂ ਦਾ ਲਕਬ ਹੈ। ਇਹ ਨਿਆਉਂ ਤੋਂ ਦੂਰ ਦੀ ਗੱਲ ਹੈ, ਭਾਵ, ਇਹ ਇਨਸਾਫ਼ ਦੀ ਗੱਲ ਨਹੀਂ ਕਿ ਇਸ ਸ਼ਬਦ (ਸਿੰਘ) ਨੂੰ 'ਸੱਗ' (ਕੁੱਤਾ) ਪੜ੍ਹਿਆ ਜਾਏ।

(੮-੯) ਐ ਗਭਰੂ, ਜੇ ਤੈਨੂੰ ਹਿੰਦੀ ਬੋਲੀ ਦੀ ਵਾਕਫ਼ੀ ਨਹੀਂ, ਤਾਂ ਸੁਣ 'ਸਿੰਘ' ਦੇ ਅਰਥ 'ਸ਼ੇਰ' ਹਨ। ਲੜਾਈ ਸਮੇਂ ਤਾਂ ਇਹ ਸੱਚ-ਮੁੱਚ ਹੀ ਸ਼ੇਰ ਹੁੰਦੇ ਹਨ ਤੇ ਮੌਜ ਮੇਲੇ ਸਮੇਂ ਹਾਤਮ ਤੋਂ ਵੀ ਵਧ ਹਨ।

(੧੦) ਜਦ ਇਹ ਹੱਥ ਵਿਚ ਹਿੰਦੁਸਤਾਨ ਦੀ ਬਣੀ ਤੇਗ ਫੜ ਲੈਂਦੇ ਹਨ ਤਾਂ ਹਿੰਦ ਤੋਂ ਸਿੰਧ ਦੇਸ ਤਕ ਮਾਰਦੇ ਲਿਤਾੜਦੇ ਚਲੇ ਜਾਂਦੇ ਹਨ।

(੧੧) ਕੋਈ ਆਦਮੀ ਇਨ੍ਹਾਂ ਦੇ ਸਾਮ੍ਹਣੇ ਅੜ ਨਹੀਂ ਸਕਦਾ, ਭਾਵੇਂ ਉਹ ਕਿਡਾ ਵੀ ਬਲਵਾਨ ਸੂਰਮਾ ਕਿਉਂ ਨਾ ਹੋਵੇ।

(੧੨) ਜਦ ਇਹ ਹੱਥਾਂ ਵਿਚ ਨੇਜ਼ੇ ਫੜ ਲੈਂਦੇ ਹਨ ਤਾਂ ਵੈਰੀ ਦੀ ਸੈਨਾ ਵਿਚ ਭਾਜੜਾਂ ਪਾ ਦੇਂਦੇ ਹਨ।

(੧੩) ਜਦ ਉਹ ਨੇਜ਼ੇ ਦਾ ਸਿਰਾ ਆਸਮਾਨ ਵਲ ਚੁਕਦੇ ਹਨ ਤਾਂ ਜੇ ਕਾਫ਼ ਪਹਾੜ ਵੀ ਹੋਵੇ ਤਾਂ ਉਸ ਨੂੰ ਵੀ ਚੀਰ ਪਾੜ ਦੇਂਦੇ ਹਨ।

(੧੪-੧੫) ਜਦ ਇਹ (ਤਾਸ਼ਕੰਦ ਦੀ ਬਣੀ ਮਜ਼ਬੂਤ) ਕਮਾਨ ਤੇ ਚਿੱਲਾ ਚੜ੍ਹਾਉਂਦੇ ਹਨ ਅਤੇ ਵੈਰੀ ਦੀ ਜਾਨ ਕੱਢ ਲੈਣ ਵਾਲਾ ਤੀਰ ਉਸ ਵਿਚ ਜੋੜ ਲੈਂਦੇ ਹਨ, ਤੇ ਜਦ ਉਨ੍ਹਾਂ ਦੀ ਕਮਾਨ ਦਾ ਚਿਲਾ (ਖਿਚਿਆ ਹੋਇਆ—ਤੀਰ ਰਖ ਕੇ ਖਿਚੀ ਹੋਈ ਤੰਦੀ) ਕੰਨ ਤਕ ਪੁਜਦਾ ਹੈ ਤਾਂ ਵੈਰੀ ਦਾ ਸਰੀਰ ਕੰਬਣ ਲੱਗ ਪੈਂਦਾ ਹੈ।

(੧੬) ਜਦ ਇਨ੍ਹਾਂ ਦਾ ਸਫ਼ਾ-ਜੰਗ (ਟਕੂਆ, ਜੰਗੀ ਕੁਹਾੜਾ) ਜ਼ਰ੍ਹਾ ਬਕਤਰ (ਸੰਜੋ, ਚਿਲਤਾ) ਉਤੇ ਵਜਦਾ ਹੈ ਤਾਂ ਵੈਰੀ ਦੇ ਸਰੀਰ ਦਾ ਜ਼ਰ੍ਹਾ ਬਕਤਰ ਹੀ ਉਸ ਦਾ ਖਫ਼ਣ ਬਣ ਜਾਂਦਾ ਹੈ।

(੧੭) ਸਰੀਰ ਪੱਖੋਂ ਇਨ੍ਹਾਂ 'ਚੋਂ ਹਰ ਇਕ ਪਹਾੜ ਦਾ ਇਕ ਟੁਕੜਾ ਹੈ, ਜਾਹੋ ਜਲਾਲ (ਰੁਅਬ ਦਾਬ) ਵਿਚ ਹਰ ਕੋਈ ੫੦ (ਪੰਜਾਹ) ਆਦਮੀਆਂ ਤੋਂ ਵੀ ਵਧ ਹੈ।



www.AKJ.Org

(੧੮-੧੯) ਜਿਹੜਾ ਬਹਿਰਾਮ ਗੋਰ ਜੰਗਲੀ ਗਧਿਆਂ ਨੂੰ ਸ਼ਿਕਾਰ ਕਰਕੇ ਮਾਰ ਲੈਂਦਾ ਸੀ ਤੇ ਸ਼ੇਰਾਂ ਨੂੰ ਪੈ ਕੇ ਉਨ੍ਹਾਂ ਦੀਆਂ ਚੀਕਾਂ ਕਢਾ ਛਡਦਾ ਸੀ, ਜੇ ਉਹ ਬਹਿਰਾਮ ਗੋਰ ਕਿਤੇ ਇਨ੍ਹਾਂ ਦੇ ਸਾਮ੍ਹਣੇ ਹੋ ਜਾਏ ਤਾਂ ਉਹ ਵੀ ਇਨ੍ਹਾਂ ਦੇ ਮੂਹਰੇ ਸਿਰ ਝੁਕਾ ਦੇਵੇਗਾ।

(੨੦-੨੧) ਇਹ ਹਥਿਆਰ ਛੱਡ ਕੇ ਲੜਾਈ ਵੇਲੇ ਜਦ ਬੰਦੂਕ[੧] ਹੱਥਾਂ ਵਿਚ ਫੜ ਲੈਂਦੇ ਹਨ ਤਾਂ ਸ਼ੇਰਾਂ ਵਾਂਗ ਬੁਕਦੇ, ਨਾਹਰੇ ਮਾਰਦੇ, ਛਾਲਾਂ ਮਾਰਦੇ ਮੈਦਾਨ ਵਿਚ ਆਣ ਨਿਤਰਦੇ ਹਨ।

(੨੨) ਕਈਆਂ ਦੀਆਂ ਛਾਤੀਆਂ ਪਾੜ ਦਿੰਦੇ ਹਨ ਅਤੇ ਅਨੇਕਾਂ ਦਾ ਖ਼ੂਨ ਮਿੱਟੀ ਵਿਚ ਮਿਲਾ ਦਿੰਦੇ ਹਨ।

(੨੩) ਤੂੰ ਇਉਂ ਕਹਿ ਇਹ ਬੰਦੂਕ ਪੁਰਾਣੇ ਸਮੇਂ ਵਿਚ ਇਨ੍ਹਾਂ ਸਗਾਂ ਦੀ ਕਾਢ ਕਢੀ ਹੋਈ ਹੈ, ਲੁਕਮਾਨ ਹਕੀਮ ਦੀ ਨਹੀਂ।

(੨੪) ਬੰਦੂਕਚੀ ਤਾਂ ਭਾਵੇਂ ਹੋਰ ਭੀ ਬਥੇਰੇ ਹਨ, ਪਰ ਇਸ ਦੇ ਚਲਾਉਣ ਦਾ ਹੁਨਰ ਇਨ੍ਹਾਂ ਨਾਲੋਂ ਵਧ ਕੇ ਹੋਰ ਕੋਈ ਨਹੀਂ ਜਾਣਦਾ।

(੨੫) ਜੰਗ ਵਿਚ ਅੱਗੇ-ਪਿੱਛੇ, ਸੱਜੇ-ਖੱਬੇ ਇਹ ਸੈਂਕੜ ਹੀ ਗੋਲੀਆਂ ਚਲਾਈ ਜਾਂਦੇ ਹਨ।

(੨੬-੨੭) ਜੇ ਤੈਨੂੰ ਮੇਰੀ ਇਸ ਗੱਲ ਤੇ ਯਕੀਨ ਨਾ ਆਵੇ ਤਾਂ ਤੇਗਾਂ ਵਾਹੁਣ ਵਾਲੇ ਸੂਰਬੀਰਾਂ ਤੋਂ ਪੁਛ ਵੇਖ। ਉਹ ਮੇਰੇ ਇਸ ਕਹੇ ਤੋਂ ਵੀ ਵਧ ਦਸਣਗੇ ਅਤੇ ਇਨ੍ਹਾਂ ਦੀ ਲੜਾਈ ਨੂੰ ਆਫ਼ਰੀਨ (ਵਾਹ ਵਾਹ, ਸ਼ਾਬਾਸ਼) ਕਹਿਣਗੇ।

(੨੮) (ਮੇਰੀ) ਇਸ ਗੱਲ ਦੇ ਗਵਾਹ ਉਹ ੩੦ ਹਜ਼ਾਰ ਬਹਾਦਰ ਜੰਗਜੂ ਹਨ ਜੋ ਇਨ੍ਹਾਂ ਸਾਮ੍ਹਣੇ ਹੋ ਕੇ ਮੈਦਾਨਿ-ਜੰਗ ਵਿਚ ਲੜੇ ਹਨ।

(੨੯) ਜੇ ਇਨ੍ਹਾਂ ਦੀਆਂ ਫ਼ੌਜਾਂ ਵਿਚ ਭਗਦੜ ਮੱਚ ਜਾਵੇ ਤਾਂ, ਐ ਬੀਰ ਬਹਾਦਰ ! ਇਸ ਨੂੰ ਭਗਦੜ ਨਾ ਸਮਝੀਂ।

(੩੦) ਕਿਉਂਕਿ ਲੜਾਈ ਸਮੇਂ ਇਹ ਵੀ ਇਨ੍ਹਾਂ ਦਾ ਇਕ ਦਾਉ (ਢੰਗ) ਹੈ। ਇਨ੍ਹਾਂ ਦੇ ਇਸ (ਜਾਲ, ਫ਼ਰੇਬ) ਤੋਂ ਬਚੋ, ਦੋਬਾਰਾ ਬਚੋ।

(੩੧-੩੨) ਇਨ੍ਹਾਂ ਦਾ ਦਾਉ ਇਸ ਲਈ ਭਰਦਾ ਹੈ ਕਿ ਵੈਰੀ ਹਾਵੀ ਹੋ ਕੇ ਗੁੱਸੇ ਵਿਚ ਬਿਫਰਿਆਂ ਹੋਇਆ ਇਨ੍ਹਾਂ ਦੇ ਪਿਛੇ ਦੌੜ ਕੇ ਲੱਗ ਤੁਰਦਾ ਹੈ ਤੇ ਆਪਣੇ ਲਸ਼ਕਰ ਦੀ ਸਹਾਇਤਾ ਤੋਂ ਦੂਰ ਨਿਕਲ ਜਾਂਦਾ ਹੈ।

(੩੩) ਤਾਂ ਫਿਰ ਇਹ ਪਿਛੇ ਨੂੰ ਮੂੰਹ ਕਰ ਕੇ ਮੁੜ ਪੈਂਦੇ ਹਨ, ਅਤੇ ਜੇ ਮੂਹਰੇ ਫਿਰ ਪਾਣੀ ਵੀ ਹੋਵੇ ਤਾਂ ਉਸ ਨੂੰ ਵੀ ਅੱਗ ਲਾ ਦਿੰਦੇ ਹਨ।......

(੪੪) ਉਨ੍ਹਾਂ ਦੇ ਲੜਾਈ ਦੇ ਹੁਨਰਾਂ ਤੋਂ ਬਿਨਾਂ ਇਕ ਹੋਰ ਗੱਲ ਸੁਣ, ਜਿਸ ਕਰਕੇ ਇਹ ਹੋਰਨਾਂ ਸਭ ਸੂਰਬੀਰਾਂ ਨਾਲੋਂ ਅੱਗੇ ਹਨ, ਵਧ ਚੜ੍ਹ ਕੇ ਹਨ।

(੪੫) ਇਹ ਕਦੇ ਵੀ ਕਿਸੇ ਨਾਮਰਦ (ਜੋ ਲੜਾਈ ਵਿਚ ਹਥਿਆਰ ਸੁਟ ਕੇ ਪਾਸੇ ਹੋ ਜਾਵੇ) ਨੂੰ ਨਹੀਂ ਮਾਰਦੇ ਤੇ ਨਾ ਹੀ ਰਣ ਚੋਂ ਭਜ ਨਿਕਲੇ ਪਿਛੇ ਪੈ ਕੇ ਉਸ ਨੂੰ ਰੋਕਣ ਹੀ ਜਾਂਦੇ ਹਨ।

(੪੬) ਲੁਟ-ਮਾਰ ਵੇਲੇ ਉਹ ਕਿਸੇ ਔਰਤ ਦਾ ਮਾਲ ਧਨ ਜਾਂ ਗਹਿਣਾ ਨਹੀਂ ਖੋਂਹਦੇ, ਭਾਵੇਂ ਉਹ ਸਵਾਣੀ ਹੋਵੇ ਭਾਵੇਂ ਗੋਲੀ–ਦਾਸੀ।

(੪੭) ਇਨ੍ਹਾਂ ਸੱਗਾਂ ਵਿਚ ਵਿਭਚਾਰ ਵੀ ਨਹੀਂ ਹੈ, ਅਤੇ ਨਾ ਹੀ ਇਨ੍ਹਾਂ ਭੇੜੀਆਂ ਰਗਾਂ ਵਾਲਿਆਂ ਨੂੰ ਚੋਰੀ ਦੀ ਆਦਤ ਹੈ।

(੪੮) ਜ਼ਨਾਨੀ ਭਾਵੇਂ ਜਵਾਨ ਹੋਵੇ ਭਾਵੇਂ ਬੁਢੀ ਠੇਰੀ, ਉਸ ਨੂੰ ਕਹਿੰਦੇ ਹਨ 'ਬੁਢੀਏ ! ਇਕ ਪਾਸੇ ਹਟ ਜਾ।'

(੪੯) ਹਿੰਦੁਸਤਾਨੀ ਬੋਲੀ ਵਿਚ "ਬੁਢੀ" ਸ਼ਬਦ ਦੇ ਅਰਥ ਹਨ ਵਡੇਰੀ ਉਮਰ ਵਾਲੀ (ਮਾਤਾ ਸਮਾਨ)।

(੫੦) ਇਨ੍ਹਾਂ ਵਿਚ ਨਾ ਚੋਰੀ ਹੈ ਤੇ ਨਾ ਇਨ੍ਹਾਂ ਭੇੜੀਆਂ ਰਗਾਂ ਵਾਲਿਆਂ ਵਿਚ ਕੋਈ ਸੰਨ੍ਹਾਂ ਮਾਰਨ ਵਾਲਾ


www.AKJ.Org

ਹੁੰਦਾ ਹੈ।

(੫੧) ਵਿਭਚਾਰੀ ਅਤੇ ਸੰਨ੍ਹਾਂ ਮਾਰਨ ਵਾਲੇ ਨਾਲ ਇਹ ਦੋਸਤੀ ਨਹੀਂ ਪਾਉਂਦੇ, ਉਂਜ ਭਾਵੇਂ ਇਨ੍ਹਾਂ ਦੀਆਂ ਹੋਰ ਗੱਲਾਂ ਚੰਗੀਆਂ ਨਹੀਂ ਹਨ।

... ... ... ... ...

ਕਾਜ਼ੀ ਜੀ ਨੇ ਭਾਵੇਂ ੧੭੬੫ ਈ: ਵਿਚ ਸਿੰਘਾਂ ਦੇ ਮੈਦਾਨਿ-ਜੰਗ ਵਿਚ ਮਰਦਾਨਗੀ ਦੇ ਜੌਹਰਾਂ ਤੇ ਉਨ੍ਹਾਂ ਦੇ ਉੱਚੇ ਸੁੱਚੇ ਆਚਰਨ ਬਾਰੇ ਆਪ-ਮੁਹਾਰਾ ਜ਼ਿਕਰ ਕੀਤਾ ਹੈ, ਪਰ ਇਹ ਗੱਲ ਮੰਨਣ-ਯੋਗ ਹੈ ਕਿ ਦੂਜੇ ਮੁਸਲਮਾਨ ਇਤਿਹਾਸਕਾਰਾਂ, ਜੋ ਆਪਣੇ ਤੁਅੱਸਬ, ਕੱਟੜ ਫ਼ਿਰਕੂਪੁਣ ਤੇ ਈਰਖਾ ਦੇ ਸਾੜੇ ਚਿ ਗ੍ਰਸਤ ਹੋਏ ਸੱਚ ਪ੍ਰਥਾਇ ਤੰਗ-ਨਜ਼ਰੀ ਦੀ ਤੇ ਥੜ-ਦਿਲੀ ਦੀ ਅੱਖਾਂ ਉਤੇ ਪੱਟੀ ਬੰਨ੍ਹੀ ਬੈਠੇ ਸਨ, ਨਾਲੋਂ ਸਭ ਤੋਂ ਪਹਿਲਾਂ ਇਨ੍ਹਾਂ ਅਨਮੋਲ ਗੁਣਾਂ ਤੋਂ ਗੱਦ ਗੱਦ ਹੋ ਕੇ, ਤੁਅਸਬ ਨੂੰ ਛੱਡ, ਅਸਲੀਅਤ ਦਾ ਜ਼ਿਕਰ ਕਰਦਾ ਹੈ।

ਸਖ਼ਤ ਔਖੀ ਜ਼ਿੰਦਗੀ ਨੇ ਸਿੱਖਾਂ ਨੂੰ, ਜੋ ਦਿਨ ਰਾਤ ਘੋੜਿਆਂ ਦੀਆਂ ਕਾਠੀਆਂ ਤੇ ਜਾਂ ਪੈਦਲ ਵੈਰੀ ਨਾਲ ਜੂਝਦੇ ਫਿਰਦੇ ਸਨ, ਬੜੀਆਂ ਵੱਡ-ਮੁੱਲੀਆਂ ਨਿਆਮਤਾਂ ਪ੍ਰਦਾਨ ਕੀਤੀਆਂ। ਉਨ੍ਹਾਂ ਦੀ ਸਿਹਤ, ਤਾਕਤ, ਤੇਜ਼-ਰਫ਼ਤਾਰੀ, ਨੱਸ-ਭੱਜ ਦਾ ਕੋਈ ਮੁਕਾਬਲਾ ਨਹੀਂ ਸੀ। ਸ਼ਕਤੀ-ਸ਼ਾਲੀ ਲੰਮੀਆਂ ਬਾਹਾਂ, ਫ਼ੌਲਾਦ ਵਰਗੀਆਂ ਮਜ਼ਬੂਤ ਲੱਤਾਂ, ਬਲੌਰ ਵਾਂਗ ਚਮਕਦੀਆਂ ਅੱਖਾਂ, ਗਿੱਠ ਗਿੱਠ ਚੌੜੇ ਮੱਥੇ, ਹੱਥ ਹੱਥ ਚੌੜੀਆਂ ਛਾਤੀਆਂ, ਦਗ ਦਗ ਕਰਦੇ ਲਾਲ ਸੁਰਖ਼ ਚਿਹਰੇ, ਸ਼ਾਹ ਕਾਲੇ ਲੰਮੇ ਕੇਸ, ਲਾਲਾਂ ਦੇ ਟੁਕੜਿਆਂ ਵਰਗੇ ਸੁਰਖ ਬੁਲ੍ਹ ਤੇ ਚਿੱਟੇ ਦੰਦ, ਸੋਹਣੇ ਭਰਵੇਂ ਦਾੜ੍ਹੇ ਤੇ ਕੁੰਡਲਾਂ ਵਾਲੇ ਮੁਛਹਿਰੇ, ਅਰੋਗ ਫ਼ੌਲਾਦੀ ਸਰੀਰ ਉਨ੍ਹਾਂ ਨੂੰ ਕੁਦਰਤ ਵਲੋਂ ਬਖਸ਼ੇ ਗਏ ਤੋਹਫ਼ੇ ਸਨ, ਸਮੇਂ ਦੀ ਬੇਰਹਿਮ ਸਰਕਾਰ ਨੇ ਉਨ੍ਹਾਂ ਉਤੇ ਆਪਣੇ ਜ਼ੁਲਮ ਜ਼ਬਰ ਤੇ ਮੌਤ ਦਾ ਤੰਬੂ ਤਾਣ ਕੇ ਅਨ੍ਹੇਰ ਵਰਤਾਇਆ ਹੋਇਆ ਸੀ, ਮੁਸੀਬਤਾਂ ਮੁਸ਼ਕਲਾਂ ਦੇ ਕੰਡਿਆਂ ਤੇ ਜਿਲ੍ਹਣ ਵਿਚ ਉਨ੍ਹਾਂ ਦੇ ਪੈਰ ਧਸਾਏ ਹੋਏ ਸਨ, ਪਰ ਉਨ੍ਹਾਂ ਦੇ ਹਿਰਦਿਆਂ ਵਿਚ ਬਿਬੇਕ ਬੁੱਧੀ ਦਾ ਪ੍ਰਕਾਸ਼ ਸੀ। ਉਹ ਪੂਰੀ ਤਰ੍ਹਾਂ ਸ਼ਾਂਤ-ਚਿੱਤ ਸਨ ਤੇ ਸਬਰ ਸੰਤੋਖ ਅਤੇ ਧੀਰਜ ਨਾਲ ਖਿੜੇ ਮੱਥੇ ਜ਼ਿੰਦਗੀ ਦੀਆਂ ਔਕੜਾਂ ਦਾ ਮੁਕਾਬਲਾ ਕਰ ਰਹੇ ਸਨ। ਫ਼ਿਕਰ, ਚਿੰਤਾ, ਵਿਸਵਿਸਿਆਂ ਤੋਂ ਮੁਕਤ, ਦੁਨਿਆਵੀ ਧੰਧਿਆਂ, ਝੰਜਟਾਂ ਤੇ ਲੱਗ ਲਪੇਟ ਤੋਂ ਅਟੰਕ ਸ਼ੁਧ ਹਿਰਦਿਆਂ ਵਾਲੇ ਤੇ ਆਚਰਨਾਤਮਿਕ ਸਿਖਰਾਂ ਦੇ ਸ਼ਹਿਨਸ਼ਾਹ। ਇਹ ਸਨ ਕੁਦਰਤ ਦੀ ਗੋਦੀ ਜੰਗਲਾਂ ਬੇਲਿਆਂ ਵਿਚ ਅਨੰਦਮਈ ਵੱਸਣ ਵਾਲੇ ਸਾਊ, ਪਰ ਗਾਠੂ ਖਾਲਸੇ, ਜਿਨ੍ਹਾਂ ਨੂੰ ਸਫ਼ਾ-ਇ-ਹਸਤੀ ਤੋਂ ਮਲੀਆ-ਮੇਟ ਕਰ ਦੇਣ ਲਈ ਮੁਗ਼ਲੀਆ ਸਰਕਾਰ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਸੀ ਤੇ ਉਹ ਹੱਥਾਂ ਵਿਚ ਤੇਗਾਂ ਲੈ ਕੇ ਸਰਕਾਰ ਨੂੰ ਦਮੋਂ ਕੱਢ, ਖਾਰੇ ਸਮੁੰਦਰੀ ਗਰਕ ਕਰ ਦੇਣ ਦਾ ਨਿਸਚਾ ਧਾਰ ਕੇ ਦਿੱਲੀ ਤੇ ਲਾਹੌਰ ਦੀਆਂ ਸਰਕਾਰਾਂ ਨੂੰ ਲਲਕਾਰ ਰਹੇ ਸਨ। **(ਚਲਦਾ)**

## ਹਵਾਲੇ ਤੇ ਫੁਟ ਨੋਟ

੧ ਕਾਜ਼ੀ ਨੂਰ ਮੁਹੰਮਦ—ਜੰਗਨਾਮਾ—ਸਫ਼ਾ 156, 157, 158 ਕਾਜ਼ੀ ਨੂਰ ਮੁਹੰਮਦ ਨੇ ਸਿੱਖਾਂ ਦੇ ਬੰਦੂਕ-ਬਾਜ਼ੀ ਦੇ ਹੁਨਰ ਨੂੰ ਬੜਾ ਸਲਾਹਿਆ ਹੈ ਤੇ ਐਨ ਅੱਖੀਂ ਨਜ਼ਾਰੇ ਤੱਕ ਕੇ ਸਲਾਹਿਆ ਹੈ। ਸਿੰਘਾਂ ਦੀ ਬੰਦੂਕ ਚਲਾਉਣ ਤੇ ਨਿਸ਼ਾਨਾ ਲਾਉਣ ਦੀ ਮੁਹਾਰਤ ਤੋਂ ਹੈਰਾਨ ਹੁੰਦਾ ਹੋਇਆ ਸੱਯਦ ਗੁਲਾਮ ਅਲੀ ਆਪਣੀ ਕਿਤਾਬ "ਅਮਾਦੁਸਆਦਤ" ਵਿਚ ਲਿਖਦੈ, "ਬੰਦੂਕਿ-ਸ਼ਾਂ ਬਰ ਨੁਹਸਦ ਕਦਮ ਖ਼ਬਰ ਆਮਦਹ ਮੀ ਗਰਦ।" ਅਰਥਾਤ, ਉਨ੍ਹਾਂ (ਸਿੱਖਾਂ) ਦੀ ਬੰਦੂਕ ਦੀ ਗੋਲੀ ਨੌ ਸੌ ਕਦਮ ਦੇ ਫ਼ਾਸਲੇ ਤੋਂ ਵੀ ਦੁਸ਼ਮਣ ਦੀ ਖ਼ਬਰ ਜਾ ਲੈਂਦੀ ਹੈ।

**ਯੂ. ਕ. ਵਿਚ ਮੋਖ-ਰਹਿਤ ਪੁਸਤਕਾਂ**—ਭਾਈ ਸਾਹਿਬ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਅਤੇ ਹੋਰ ਗੁਰਮਤੀ ਪੁਸਤਕਾਂ ਗੁਰਮੁਖੀ ਤੇ ਅੰਗਰੇਜ਼ੀ ਵਿਚ ਮੁਫ਼ਤ ਮੰਗਵਾਓ। ਡਾਕ ਖ਼ਰਚ ਪਹਿਲਾਂ ਭੇਜੋ—

**Bhai Madan Singh, 11-Apollo Way, PerryBar, Birmingham-20, 3ND (U.K.)**



www.AKJ.Org

# ਅੰਮ੍ਰਿਤਮਈ ਜੀਵਨ ਦੀ ਰਾਸ

[ਪ੍ਰੋ: ਰਾਮ ਸਿੰਘ ਜੀ, ਚੀਫ ਆਰਗੇਨਾਈਜ਼ਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ]

**ਸਿੱਖੀ** ਵਿਚ ਗਿਆਨ ਨੂੰ ਵਿਸ਼ੇਸ਼ ਦਰਜਾ ਹਾਸਲ ਹੈ, ਪ੍ਰੰਤੂ ਜੋ ਮਹੱਤਤਾ ਸਿੱਖੀ ਜੀਵਨ ਵਿਚ ਆਚਰਣ ਦੀ ਹੈ ਉਹ ਗਿਆਨ ਦੀ ਨਹੀਂ। ਦੁਨਿਆਵੀ ਸੱਚ ਵੀ ਸਚਿਆਰੇ ਜੀਵਨ ਦੇ ਅਧੀਨ ਹੈ।

ਗੁਰਬਾਣੀ ਗੁਰੂ ਹੈ ਅਤੇ ਬਾਣੀ ਗੁਰੂ ਇਸ ਕਰਕੇ ਹੈ ਕਿ ਸਤਿਗੁਰਾਂ ਨੇ ਜੋ ਵੀ ਬਾਣੀ ਉਚਾਰੀ, ਉਸਦਾ ਸੰਬੰਧ ਅਮਲੀ ਜੀਵਨ ਨਾਲ ਹੈ, ਨਾ ਕਿ ਕਲਪਨਾ ਜਾਂ ਮਿਥਿਹਾਸ ਨਾਲ। ਕਲਪਨਾ ਜਾਂ ਮਿਥਿਹਾਸ ਦੀ ਵਰਤੋਂ ਵੀ ਕਿਸੇ ਜੀਵਨ-ਉਦੇਸ਼ ਹਿੱਤ ਕੀਤੀ ਗਈ ਹੈ। ਗੁਰਸਿੱਖੀ ਅਨੁਸਾਰ ਨਾ ਤਾਂ ਕਲਾ ਕਲਾ ਲਈ ਹੀ ਹੈ, ਨਾ ਹੀ ਜੀਵਨ ਕੇਵਲ ਕਲਾ ਲਈ ਹੀ ਹੈ, ਬਲਕਿ ਕਲਾ ਜੀਵਨ ਲਈ ਹੈ। ਪਾਤਸ਼ਾਹ ਨੇ ਉਹੀ ਉਪਦੇਸ਼ ਸੰਗਤ ਰੂਪ ਵਿਚ ਸਾਰੀ ਦੁਨੀਆ ਨੂੰ ਵੰਡਿਆ ਜਿਸ ਨਾਲ ਨਿੱਜੀ ਜੀਵਨ ਵੀ ਸੱਚਾ ਸੁੱਚਾ ਤੇ ਨਿਰਮਲ ਹੋਵੇ ਅਤੇ ਐਸੇ ਜੀਵਨ ਵਾਲੇ ਵਿਅਕਤੀ ਮਿਲ ਜੁਲ ਕੇ ਸਰਬੱਤ ਦੇ ਭਲੇ ਲਈ ਵੀ ਯਤਨਸ਼ੀਲ ਹੋਣ।

ਜੋ ਵਸਤੂ ਵੇਖਣ ਨੂੰ ਆਮ ਜਹੀ ਲੱਗਦੀ ਹੋਵੇ, ਵਾਸਤਵ ਵਿਚ ਡੂੰਘੀ ਝਾਤੀ ਮਾਰਿਆਂ ਉਹ ਇਤਨੀ ਸਰਲ ਨਹੀਂ ਹੁੰਦੀ, ਨਾ ਹੀ ਇਤਨੀ ਸੁਖੈਨ ਹੁੰਦੀ ਹੈ। ਨਾਮ ਜਪਣਾ, ਵੰਡ ਛਕਣਾ ਤੇ ਧਰਮ ਦੀ ਕਿਰਤ ਕਰਨੀ ਵੇਖਣ ਨੂੰ ਜਿਤਨੇ ਸੁਖੈਨ ਕੰਮ ਲਗਦੇ ਹਨ, ਜੇ ਇਨ੍ਹਾਂ ਤੇ ਸਹੀ ਰੂਪ ਵਿਚ ਅਮਲ ਹੋਵੇ ਤਾਂ ਦੁਨੀਆ ਵਿਚ ਕੋਈ ਸਮੱਸਿਆ ਹੀ ਨਾ ਰਹੇ। ਅਮਲੀ ਜੀਵਨ ਤੋਂ ਸੱਖਣੇ ਗਿਆਨੀ ਤੇ ਵਿਦਵਾਨ ਕੇਵਲ ਦੁਖਾਂ ਦੀ ਚਰਚਾ ਕਰ ਸਕਦੇ ਹਨ, ਦੁਖਾਂ ਤੋਂ ਛੁਟਕਾਰਾ ਨਹੀਂ ਦਿਵਾ ਸਕਦੇ। ਅੰਗਰੇਜ਼ੀ ਕਹਾਵਤ ਹੈ: Bare words buy no barley. (ਜ਼ਬਾਨੀ ਗੱਲਾਂ ਨਾਲ ਕੁਝ ਨਹੀਂ ਸੌਰਦਾ)। ਇਹੀ ਹਾਲ ਬੁੱਝ-ਚਰਚਾ ਦਾ ਹੈ।

ਪਾਤਸ਼ਾਹਾਂ ਨੇ ਜਮਾਤ-ਕਰਾਮਾਤ ਦੇ ਸਿਧਾਂਤ ਨੂੰ ਸੰਗਤ ਦੇ ਰੂਪ ਵਿਚ ਠੋਸ ਉਪਰਾਲਿਆਂ ਨਾਲ ਸਿੱਧ ਕੀਤਾ। ਲੰਗਰ ਦੀ ਪ੍ਰਥਾ ਚਲਾ ਕੇ ਵੰਡ ਛਕਣ ਦੇ ਸਿਧਾਂਤ ਨੂੰ ਹੀ ਦ੍ਰਿੜ੍ਹ ਨਹੀਂ ਕਰਵਾਇਆ, ਸਗੋਂ ਊਚ ਨੀਚ ਦਾ ਵਿਤਕਰਾ ਵੀ ਦੂਰ ਕੀਤਾ। ਇਸਤ੍ਰੀ ਜਾਤੀ ਨੂੰ ਇਸ ਦਾ ਯੋਗ ਸਥਾਨ ਦਿਵਾਇਆ। ਪ੍ਰੰਤੂ ਜੋ ਲੋਕ ਆਪਣੀ ਕਿਸੇ ਚਤੁਰਾਈ ਕਰਕੇ ਜਾਂ ਕਿਸੇ ਉਕਾਈ ਕਰਕੇ ਆਪਣੇ ਨਿਯਮਤ ਦਾਇਰੇ ਵਿਚੋਂ ਬਾਹਰ ਹੋ ਜਾਂਦੇ ਹਨ, ਉਹ ਬਿਪਤਾ ਸਹੇੜ ਲੈਂਦੇ ਹਨ। ਕਹਿੰਦੇ ਹਨ ਸਿਆਣੇ ਨੂੰ ਇਸ਼ਾਰਾ ਹੀ ਕਾਫ਼ੀ ਹੁੰਦਾ ਹੈ। ਸੀਤਾ ਨੇ ਰੇਖਾ ਪਾਰ ਕੀਤੀ, ਕੀ ਹਸ਼ਰ ਹੋਇਆ ? ਸਾਰੇ ਜਗਤ ਦੇ ਸਾਹਮਣੇ ਹੈ। ਗੁਰਬਾਣੀ ਜੀਵਨ ਨੂੰ ਜ਼ਬਤ ਵਿਚ ਰੱਖ ਕੇ ਜੀਉਣ-ਜੋਗਾ ਬਣਾਉਂਦੀ ਹੈ। ਇਸ ਦੀ ਉਲੰਘਣਾ ਨਾਲ ਬਹੁਤ ਸਾਰੀਆਂ ਬਲਾਵਾਂ ਆ ਘੇਰਦੀਆਂ ਹਨ।

ਜੇ ਗੁਰਬਾਣੀ ਦੇ ਜ਼ਬਤ ਨੂੰ ਸੰਸਾਰ ਅਪਣਾਅ ਲਵੇ ਤਾਂ ਸੰਸਾਰ ਸੱਚ ਮੁੱਚ ਹੀ ਸਵਰਗ ਬਣ ਜਾਵੇ। ਨਸ਼ਿਆਂ ਦੇ ਤਿਆਗ ਲਈ ਤਾਂ ਗੁਰੂ ਸਾਹਿਬਾਨ ਨੇ ਜੀਵਾਂ ਨੂੰ ਪ੍ਰੇਰਿਆ ਹੀ ਹੈ। ਜੇ ਦੁਨੀਆ ਗੁਰੂ ਸਾਹਿਬਾਨ ਦੇ 'ਏਕਾ ਨਾਰੀ ਜਤੀ' ਦੇ ਸਿਧਾਂਤ ਨੂੰ ਅਪਣਾਅ ਲਵੇ ਤਾਂ ਏਡਜ਼ ਵਰਗੀ ਨਾਮੁਰਾਦ ਬੀਮਾਰੀ ਦਾ ਨਾਮੋ-ਨਿਸ਼ਾਨ ਹੀ ਮਿਟ ਜਾਵੇ।

ਗੁਰਬਾਣੀ ਦਾ ਸੱਚ ਜੀਵਨ ਦਾ ਸੱਚ ਹੈ, ਅਜ਼ਮਾਇਆ ਹੋਇਆ ਸੱਚ ਹੈ। ਇਸ ਨੂੰ ਹੋਰ ਪਰਖਣ ਦੀ ਲੋੜ ਨਹੀਂ, ਵਰਤਣ ਦੀ ਲੋੜ ਹੈ। ਜਿਨ੍ਹਾਂ ਨੇ ਜੀਵਨ ਨੂੰ ਗੁਰਬਾਣੀ ਅਨੁਸਾਰ ਢਾਲ ਲਿਆ ਉਹਨਾਂ ਦੇ ਜੀਵਨ ਅੰਮ੍ਰਿਤਮਈ ਹੋ ਗਏ। ਉਹ ਚੁੱਪ ਹੋ ਗਏ। ਬੋਲਣ ਦੀ ਲੋੜ ਹੀ ਉਹਨਾਂ ਨੂੰ ਮਹਿਸੂਸ ਨਹੀਂ ਹੁੰਦੀ। ਦੂਜਿਆਂ ਲਈ ਚੁੱਪ ਕਰਨਾ ਔਖਾ ਹੈ। ਉਹ ਝੱਖ ਮਾਰੀ ਜਾਂਦੇ ਹਨ। ਉਹ ਪਰਚਾਰ ਦੇ ਠੇਕੇ ਲਈ ਜਾਂਦੇ ਹਨ, ਪ੍ਰੰਤੂ ਪਰਚਾਰ ਦੇ ਪੁੱਲ ਉਸਰਨ ਤੋਂ ਪਹਿਲਾਂ ਗਿਰ ਜਾਂਦੇ ਹਨ।

ਸਿੱਖੀ ਪਰਚਾਰ ਦੇ ਵਿਰੁਧ ਨਹੀਂ, ਪਰ ਇਹ "ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ' (੩੮੧) ਦੇ ਸਿਧਾਂਤ ਦੀ ਧਾਰਣੀ ਹੈ। ਇਸ ਨੂੰ ਪਰਚਾਰ ਨਾਲੋਂ ਸੰਚਾਰ ਦੀ ਜ਼ਿਆਦਾ ਲੋੜ ਹੈ। ਉੱਚਾ ਸੁੱਚਾ ਤੇ ਨੇਕ ਜੀਵਨ ਆਪਣੇ ਆਪ ਵਿਚ ਪਰਚਾਰ ਦਾ ਸੋਮਾ ਹੈ। ਜਿਥੇ ਅਸੀਂ ਹੋਰਨਾਂ ਸਾਧਨਾਂ ਰਾਹੀਂ ਸਿੱਖੀ ਦਾ ਪਰਚਾਰ ਕਰਦੇ ਹਾਂ ਜਾਂ ਕਰਨਾ ਲੋਚਦੇ ਹਾਂ, ਆਉ ਆਪਾਂ ਇਹ ਵੀ ਨਿਸਚਾ ਦ੍ਰਿੜ੍ਹਾਈਏ ਕਿ ਸਾਡਾ ਜੀਵਨ ਹੀ ਅਜਿਹੀ ਖੁਲ੍ਹੀ ਕਿਤਾਬ ਹੋਵੇ, ਜਿਸਨੂੰ ਅਤੇ ਜਿਸ ਤੋਂ ਪੜ੍ਹ ਕੇ ਦੂਸਰੇ ਵੀ ਪ੍ਰੇਰਨਾ ਲੈ ਸਕਣ।

www.AKJ.Org

'ਸੂਰਾ' ਮਾਸਕ ਪੱਤਰ ਦੇ ਆਮਦਨ ਖ਼ਰਚ
ਸਾਲ 1987–88 ਤੋਂ 1989–90 ਦਾ ਚਿੱਠਾ

# ਆਡਿਟ ਰੀਪੋਰਟ

'ਸੂਰਾ' ਮਾਸਕ ਪੱਤਰ ਦੇ ਆਮਦਨ ਖ਼ਰਚ ਸਾਲ ੧੯੮੬-੮੭ ਤਕ ਦਾ ਚਿੱਠਾ ਤੇ ਆਡਿਟ ਰੀਪੋਰਟ ਪਹਿਲਾ ਸੂਰਾ ਦੇ ਫਰਵਰੀ ੧੯੮੯ ਦੇ ਪਰਚੇ ਵਿਚ ਛਪ ਚੁਕਿਆ ਹੈ। ਹੁਣ ਸਾਲ ੧੯੮੭-੮੮ ਤੋਂ ੧੯੮੯-੯੦ ਤਕ ਦੇ ਆਮਦਨ ਖ਼ਰਚ ਦੇ ਲੇਖਿਆਂ ਦੀ ਟੂਕ ਪੜਤਾਲ ਕੀਤੀ ਗਈ ਹੈ। ਇਸ ਦਾ ਹਰ ਸਾਲ ਦਾ ਆਮਦਨ ਖ਼ਰਚ ਦਾ ਵੇਰਵਾ ਤੇ ਸੰਬੰਧਤ ਬੈਲੰਸ ਸ਼ੀਟ ਨਾਲ ਸ਼ਾਮਲ ਹੈ ।

ਇਸ ਦੀਆਂ ਵਿਸ਼ੇਸ਼ ਗੱਲਾਂ ਇਸ ਪ੍ਰਕਾਰ ਹਨ :

੧) ਸੂਰਾ ਮਾਸਕ ਪੱਤਰ ਦਾ ਸਾਲ ਅਪਰੈਲ ਤੋਂ ਮਾਰਚ ਚਲਦਾ ਹੈ।

੨) ਮੈਂ ਆਪਣੀ ਜਾਣਕਾਰੀ ਤੇ ਵਿਸ਼ਵਾਸ ਅਨੁਸਾਰ ਆਡਿਟ ਦੇ ਮੰਤਵ ਲਈ ਲੋੜੀਂਦੀਆਂ ਸੂਚਨਾਵਾਂ ਤੇ ਸਪਸ਼ਟੀਕਰਣ ਪ੍ਰਾਪਪ ਕਰ ਲਏ ਹਨ।

੩) ਆਮਦਨ ਖ਼ਰਚ ਦੇ ਚਿੱਠੇ ਤੇ ਬੈਲੰਸ-ਸ਼ੀਟ ਦੇ ਚਿੱਠੇ ਲੇਖੇ ਦੀਆਂ ਪੁਸਤਕਾਂ ਅਥਵਾ ਲੈਜਰ ਤੇ ਕੈਸ਼ ਬੁਕ ਨਾਲ ਮੇਲ ਖਾਂਦੀਆਂ ਹਨ।

੪) ਸੂਰਾ ਮਾਸਕ ਪੱਤਰ ਤੋਂ ਬਿਨਾਂ ਕੁਛ ਟਰੈਕਟ ਤੇ ਛੋਟੀਆਂ ਪੁਸਤਕਾਂ ਵੀ ਛਪਵਾਈਆਂ ਜਾਂਦੀਆਂ ਹਨ, ਜਿਸ ਦੇ ਆਮਦਨ ਖ਼ਰਚ ਤੇ ਬਕਾਇਆ ਸਟਾਕ ਨੂੰ ਵਖਰਾ ਦਿਖਾਇਆ ਗਿਆ ਹੈ।

੫) ਇਸ ਮਾਸਕ ਪੱਤਰ ਦੀ ਮੁਖ ਤੌਰ ਤੇ ਆਮਦਨ ਮਹਾਵਾਰੀ ਚੰਦੇ, ਸੰਗਤਾਂ ਪਾਸੋਂ ਸਹਾਇਤਾ ਤੇ ਲਾਈਫ ਮੈਂਬਰਾਂ ਦੀ ਰਕਮ ਦੇ ਫਿਕਸਡ ਡੀਪਾਜ਼ਿਟ ਦੇ ਸੂਦ ਤੋਂ ਹੈ। ਮੂਲ ਰਕਮ ਬੈਂਕ ਵਿਚ ਡੀਪਾਜ਼ਟ ਰਖੀ ਹੋਈ ਹੈ, ਜੋ ਮੈਂਬਰਾਂ ਦੀ ਅਮਾਨਤ ਹੈ।

੬) **ਚਲ ਅਤੇ ਅਚਲ ਜਾਇਦਾਦ**

ਸਾਲ ੧੯੮੮-੮੯ ਵਿਚ ਸੂਰਾ ਰਸਾਲੇ ਦੇ ਦਫਤ੍ਰ ਦੀ ਬਿਲਡਿੰਗ ਉਸਾਰਨ ਤੇ ਵੀ ਖ਼ਰਚ ਕੀਤਾ ਗਿਆ ਸੀ, ਜਿਸ ਲਈ ਸਰਕਾਰ ਪਾਸੋਂ ਵੀ ਸਬਸਿਡੀ ਮਿਲੀ ਸੀ। ਇਨ੍ਹਾਂ ਨੂੰ ਚਿੱਠੇ ਵਿਚ ਉਸੇ ਅਨੁਸਾਰ ਦਿਖਾਇਆ ਹੋਇਆ ਹੈ।

ਇਸੇ ਸਾਲ ਵਿਚ ਕੁਛ ਫਰਨੀਚਰ ਤੇ ਖ਼ਰਚ ਕੀਤਾ ਗਿਆ, ਜਿਸ ਤੇ ਡੈਪਰੀਸੀਏਸ਼ਨ ਲਗਾ ਕੇ ਦਿਖਾਈ ਹੋਈ ਹੈ।

੭) 'ਸੂਰਾ' ਦੇ ਨਾਂ ਤੇ ਦੇਸਾਂ ਵਿਦੇਸ਼ਾਂ ਤੋਂ ਬਹੁਤ ਮਾਇਆ ਆਂਦੀ ਹੈ, ਪਰ ਉਸ ਵਿਚ ਇਸ ਦੇ ਚੰਦੇ ਤੋਂ ਬਿਨਾਂ ਅਖੰਡ ਕੀਰਤਨੀ ਜਥੇ ਲਈ ਸ਼ਹੀਦੀ ਫੰਡ, ਸ਼ਹੀਦੀ ਬਿਲਡਿੰਗ ਫੰਡ, ਸਹਾਇਤਾ ਆਦਿ ਸ਼ਾਮਲ ਹੁੰਦੇ ਹਨ। ਇਹ ਸਭ ਰਕਮਾਂ ਅਮਾਨਤ ਤੇ ਨਿਜੀ ਖਾਤਿਆਂ ਮਗਰੋਂ ਅਦਾਇਗੀ ਕੀਤੀ ਜਾਂਦੀ ਹੈ। ਰਸੀਦਾਂ ਵੀ ਸੂਰਾ ਖਾਤੇ 'ਚੋਂ ਕਟੀਆਂ ਜਾਂਦੀਆਂ ਹਨ। ਇਨ੍ਹਾਂ ਰਕਮਾਂ ਦਾ 'ਸੂਰਾ' ਦੀ ਆਮਦਨ ਖ਼ਰਚ ਨਾਲ ਕੋਈ ਸੰਬੰਧ ਨਹੀਂ ਹੈ। ਇਸ ਲਈ ਇਹ ਸੁਝਾ ਦਿਤਾ ਜਾਂਦਾ ਹੈ ਕਿ 'ਸੂਰਾ' ਤੋਂ ਬਿਨਾਂ ਜੋ ਵੀ ਰਕਮਾਂ ਵਿਦੇਸ਼ਾਂ ਵਿਚੋਂ ਆਦੀਆਂ ਹਨ ਉਨ੍ਹਾਂ ਦਾ ਵਖਰਾ ਹਿਸਾਬ ਕਿਤਾਬ ਤੇ ਬੈਂਕ ਅਕਾਊਂਟ ਰਖਿਆ ਜਾਣਾ ਚਾਹੀਦਾ ਹੈ ਅਤੇ ਵਖਰੀਆਂ ਰਸੀਦਾਂ ਕਟੀਆਂ ਜਾਣ।

੮) ਜਿਵੇਂ ਕਿ ਪਿਛਲੀ ਵਾਰ ਸੁਝਾ ਦਿਤਾ ਗਿਆ ਸੀ, ਲੇਖਿਆਂ ਦੀਆਂ ਪੁਸਤਕਾਂ ਅਥਵਾ ਲੈਜਰ ਤੇ ਕੈਸ਼ ਬੁਕ ਜੋ ਹੁਣ ਛੋਟੇ ਆਕਾਰ ਦੀਆਂ ਰਖੀਆਂ ਹੋਈਆਂ ਹਨ, ਨੂੰ ਵਡੇ ਆਕਾਰ ਵਾਲੀਆਂ ਤੇ ਛਪੀਆਂ ਲੈਜਰਾਂ ਤੇ ਕੈਸ਼ ਬੁਕ, ਬੈਂਕ ਕਾਲਮ ਵਾਲੀ ਲਗਾਈ ਜਾਵੇ।

੯) ਸਾਧਾਰਨ ਗਲਤੀਆਂ ਬਾਰੇ ਵਖਰਾ ਨੋਟ ਦਿਤਾ ਗਿਆ ਹੈ।

ਬਲਵੰਤ ਸਿੰਘ P.S.A.S. (Auditor)
ਸੀਨੀਅਰ ਅਕਾਊਂਟਸ ਆਫ਼ੀਸਰ (ਰੀ:)
੬੬-ਹਕੀਕਤ ਨਗਰ, ਪਟਿਆਲਾ

੬-੧੨-੯੧

www.AKJ.Org

## ਲਾਭ ਤੇ ਹਾਣ ੧੯੮੭-੮੮

| ਖਰਚ | | | ਆਮਦਨ | |
|---|---|---|---|---|
| ਕਾਗਜ਼—ਪਿਛਲੀ ਬਾਕੀ | ੧੭੨੪੯-੧੮ | | ਚੰਦੇ ਆਦਿ | ੮੭੧੧੬-੨੦ |
| ਨਵੀਂ ਖਰੀਦ | ੩੫੩੮੪-੦੩ | | ਵਿਕਰੀ ਟ੍ਰੈਕਟ | ੧੦੧੬੨-੬੦ |
| | ੫੨੬੩੩-੨੧ | | ਸਹਾਇਤਾ | ੧੪੫੯੬-੭੯ |
| ਬਾਕੀ ਕਾਗਜ਼ | ੬੮੨੪-੧੨ | | ਵਿਆਜ (ਬੈਂਕ) | ੩੪੯੬੯-੧੩ |
| ਲਾਗਤ ਕਾਗਜ਼ ਸੂਰਾ ਤੇ ਟ੍ਰੈਕਟ ਆਦਿ | | ੪੫੮੦੯-੦੯ | ਸਟਾਕ ਬਾਕੀ (ਟ੍ਰੈਕਟ ੩੧.੩.੮੮) | ੨੭੫੩੬-੫੬ |
| ਛਪਾਈ ਤੇ ਬਾਈਡਿੰਗ ਸੂਰਾ | | ੨੧੭੧੫-੯੫ | | |
| ਡਾਕ ਖਰਚ | | ੫੫੫੧੦-੯੫ | | |
| ਪੈਕਿੰਗ | | ੨੭੨੦-੧੦ | | |
| ਫੁਟਕਲ ਸਟੇਸ਼ਨਰੀ ਆਵਾਜਾਈ ਆਦਿ | | ੨੨੨੧-੯੫ | | |
| ਟ੍ਰੈਕਟ ਛਪਾਈ ਤੇ ਬਾਈਡਿੰਗ ਆਦਿ | | ੮੯੪੦-੬੧ | | |
| ਤਨਖ਼ਾਹ | | ੭੨੦੦-੦੦ | | |
| ਕਿਰਾਇਆ ਦਫ਼ਤਰ | | ੨੫੦-੦੦ | | |
| ਦਫ਼ਤਰ ਮੁਰੰਮਤ ਕਰਵਾਈ | | ੪੧੪੮-੬੪ | | |
| ਪਿਛਲਾ ਸਟਾਕ ੩੧.੩.੮੭ (ਟ੍ਰੈਕਟ) | | ੨੩੨੩੩-੨੬ | | |
| | | ੧,੭੧,੭੫੦-੫੫ | | |
| ਖ਼ਰਚ ਤੋਂ ਆਮਦਨ ਦਾ ਵਾਧਾ | | ੨੬੩੦-੭੩ | | |
| | | ੧,੭੪,੩੮੧-੨੮ | | ੧,੭੪,੩੮੧-੨੯ |

## ਬੈਲੈਂਸ ਸ਼ੀਟ ੧੯੮੭-੮੮

| Labilities | | | Assets | |
|---|---|---|---|---|
| ਸਰਮਾਇਆ | | | ਬਕਾਇਆ ਸਟਾਕ (ਟਰੈਕਟ) | ੨੭੫੩੬-੫੬ |
| ਪਿਛਲੀ ਬਾਕੀ | ੮੩੭੫੮-੮੮ | | ਕਾਗਜ਼ ਬਾਕੀ ੩੧.੩.੮੮ | ੬੮੨੪-੧੨ |
| ਸਾਲ ਦਾ ਵਾਧਾ | ੨੬੩੦-੭੩ | ੮੬੩੮੯-੬੧ | ਅਮਾਨਤੀ ਲਾ:ਮੈ:ਐਫ਼ ਡੀਆਂ ਬਣੀਆਂ | ੩੦੫੧੫੦-੦੦ |
| ਅਮਾਨਤੀ ਲਾਈਫ਼ ਮੈਂਬਰ | | | ਨਿਜੀ ਖ਼ਾਤੇ ਲੈਣਦਾਰੀਆਂ | ੪੯੮੧-੦੦ |
| ਆਈਆਂ ਰਕਮਾਂ | | ੩੧੭੩੫੨-੧੯ | ਐਡਵਾਂਸ ਕਿਰਾਇਆ | ੪੨੫੦-੦੦ |
| ਨਿਜੀ ਖਾਤੇ (ਦੇਣਦਾਰੀਆਂ) | | ੧੧੮੨੪੨-੩੩ | ਪੰਜਾਬ ਐਂਡ ਸਿੰਧ ਬੈਂਕ S/A | ੧੩੮੫੧੭-੮੮ |
| | | | ਸੂਰਾ ਐਫ. ਡੀ. | ੧੦੦-੦੦ |
| | | | ਬਕਾਇਆ ਕੈਸ਼ | ੩੪੬੨੪-੫੭ |
| | | ੫,੨੧,੯੮੪-੧੩ | | ੫,੨੧,੯੮੪-੧੩ |

ਬਲੋਣੀ (ਨਵਾਂ ਸ਼ਹਿਰ) 4 ਅਪ੍ਰੈਲ, ਭੋਗ ਅਖੰਡਪਾਠ ਤੇ ਕੀਰਤਨ, ਰਾਤ ਰੈਣ ਸਬਾਈ
ਰਾਪੁਰ (ਹੁਸ਼ਿਆਰਪੁਰ) ਗ੍ਰਹਿ ਨਿਹੰਗ ਮਹਿੰਦਰ ਸਿੰਘ, 4 ਅਪ੍ਰੈਲ, ਰੈਣ ਸਬਾਈ ਕੀਰਤਨ
ਦਾਬਾਂਵਾਲਾ (ਬਟਾਲਾ) 5 ਅਪ੍ਰੈਲ ਭੋਗ ਅਖੰਡਪਾਠ ਤੇ ਕੀਰਤਨ, ਯਾਦ ਮਾ: ਸੁਖਵਿੰਦਰ ਸਿੰਘ
ਜਾਣੀਆਂ (ਜੰਡਿਆਲਾ ਗੁਰੂ), ਭਾ: ਸੁਖਦੇਵ ਸਿੰਘ, 5 ਅਪ੍ਰੈਲ, ਭੋਗ ਅਖੰਡਪਾਠ ਤੇ ਕੀਰਤਨ
ਤਰਨ ਤਾਰਨ ਚੌਕ ਬਾਈ ਪਾਸ, ਮਾ: ਬਲਦੇਵ ਸਿੰਘ, 19 ਅਪ੍ਰੈਲ ਭੋਗ ਅਖੰਡਪਾਠ ਤੇ ਕੀਰਤਨ
ਖਰੜ, ਜਸਬੀਰ ਸਿੰਘ, 1829 ਯੂ, ਰਣਜੀਤ ਨਗਰ, 19 ਅਪ੍ਰੈਲ ਭੋਗ ਅਖੰਡਪਾਠ ਤੇ ਕੀਰਤਨ



www.AKJ.org

## ਲਾਭ ਤੇ ਹਾਣ ੧੯੮੮-੮੯

| ਖਰਚ | | | ਆਮਦਨ | |
|---|---|---|---|---|
| ਕਾਗਜ਼-ਪਿਛਲੀ ਬਾਕੀ | ੬੮੨੪-੧੨ | | ਚੰਦੇ ਆਦਿ | ੮੦੭੨੬-੯੫ |
| ਨਵੀਂ ਖਰੀਦ | ੪੨੪੫੯-੬੫ | | ਟ੍ਰੈਕਟ ਵਿਕਰੀ | ੯੮੯੭-੯੦ |
| | ੪੯੨੮੩-੭੭ | | ਸਹਾਇਤਾ | ੨੪੦੬੨-੦੭ |
| ਬਾਕੀ ਕਾਗਜ਼ | ੫੪੦੦-੧੧ | | ਵਿਆਜ (ਬੈਂਕ) | ੪੦੦੫੯-੯੪ |
| ਲਾਗਤ ਕਾਗਜ਼ ਸੂਰਾ ਤੇ ਟ੍ਰੈਕਟ ਆਦਿ | | ੪੩੮੮੩-੬੬ | ਸਰਕਾਰ ਵਲੋਂ ਬਿਲਡਿੰਗ ਲਈ ਸਬਸਿਡੀ | ੧੮੦੭੫-੦੦ |
| ਛਪਾਈ ਤੇ ਬਾਈਡਿੰਗ ਸੂਰਾ | | ੨੩੨੦੦-੭੦ | ਕੰਧ ਦਾ ਹਿੱਸਾ ਤੇ ਬਾਰਦਾਨੇ ਦੀ ਵਿਕਰੀ | ੩੩੩੮-੦੦ |
| ਪੈਕਿੰਗ | | ੩੦੬੯-੩੦ | ਸਟਾਕ ਬਾਕੀ (ਟ੍ਰੈਕਟ ੩੧.੩.੮੯) | ੨੪੫੭੦-੫੨ |
| ਦਫਤਰ ਮੁਰੰਮਤ ਖਾਤਾ | | ੨੦੮੯-੦੦ | | |
| ਫੁਟਕਲ ਸਟੇਸ਼ਨਰੀ ਆਵਾਜਾਈ ਆਦਿ | | ੩੭੪੨-੭੫ | | |
| ਲੀਗਲ ਖਰਚਾ | | ੬੭੦੭-੦੦ | | |
| ਡਾਕ ਖਰਚ | | ੪੭੬੭੪-੭੦ | | |
| ਫ਼ਰਨੀਚਰ ਡੈਪਰੀਸੇਸ਼ਨ | | ੪੧੩-੦੦ | | |
| ਟ੍ਰੈਕਟ ਛਪਾਈ ਆਦਿ | | ੩੫੧੧-੮੩ | | |
| ਤਨਖ਼ਾਹ | | ੧੨੪੦੭-੦੦ | | |
| ਕਿਰਾਇਆ | | ੮੭੫-੦੦ | | |
| ਪਿਛਲਾ ਸਟਾਕ (੩੧.੩.੮੮) | | ੨੭੫੩੬-੫੬ | | |
| | | ੧.੭੫,੧੦-੫੦ | | |
| ਖਰਚ ਤੋਂ ਆਮਦਨ ਦਾ ਵਾਧਾ | | ੨੫੬੧੯-੮੮ | | |
| | | ੨,੦੦,੭੩੦-੩੮ | | ੨,੦੦,੭੩੦-੩੮ |

## ਬੈਲੈਂਸ ਸ਼ੀਟ ੧੯੮੮-੮੯

| Labilities | | | Assets | | |
|---|---|---|---|---|---|
| ਸਰਮਾਇਆ | | | ਬਕਾਇਆ ਸਟਾਕ (ਟ੍ਰੈਕਟ) | | ੨੪੫੭੦-੫੨ |
| ਪਿਛਲੀ ਬਾਕੀ | ੮੬੩੮੯-੬੧ | | ਕਾਗਜ਼ ਬਾਕੀ | | ੫੪੦੦-੧੧ |
| ਸਾਲ ਦਾ ਵਾਧਾ | ੨੫੬੧੯-੮੮ | ੧੧੨੦੦੯-੪੯ | ਅਮਾਨਤੀ ਲਾ:ਮੈਂ:ਐਫ:ਡੀਆਂ ਬਣੀਆਂ | | ੩੬੭੩੫੦-੦੦ |
| ਅਮਾਨਤੀ ਲਾ: ਮੈਂ: ਆਈਆਂ ਰਕਮਾਂ | | ੩੮੪੭੮੫-੨੪ | ਨਿਜੀ ਖਾਤੇ ਲੈਣਦਾਰੀਆਂ | | ੩੦੧੩੪-੬੮ |
| ਨਿਜੀ ਖਾਤੇ (ਦੇਣਦਾਰੀਆਂ) | | ੭੮੮੨੦-੯੦ | ਫ਼ਰਨੀਚਰ | ੪੧੩੦-੦੦ | ੩੭੧੭-੦੦ |
| ਅਮਾਨਤ ਖਾਤਾ | | ੪੬੭੧-੦੦ | ਡੈਪ੍ਰੀਸੇਸ਼ਨ | ੪੧੩-੦੦ | |
| | | | ਬਿਲਡਿੰਗ | | ੨੮੮੬੦-੭੫ |
| | | | ਪੰਜਾਬ ਐਂਡ ਸਿੰਧ ਬੈਂਕ | | ੧੦੫੮੪੪-੯੩ |
| | | | ਬਕਾਇਆ ਕੈਸ਼ | | ੧੪੪੦੮-੬੪ |
| | | ੫,੮੦,੨੮੬-੬੩ | | | ੫,੮੦,੨੮੬-੬੩ |

## ਸੂਰਾ ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਭਾ:ਗੁਰਬਖਸ਼ਸਿੰਘ-ਬਕਾਇਆ ਫੰਡ ਅ:ਕੀ:ਜਥਾ ਕਾਨਪੁਰ | 300-00 | ਸ: ਰਤਨ ਸਿੰਘ ਨਵੀਂ ਦਿਲੀ | 51-00 |
| ਭਾ: ਕਿਸ਼ਨ ਸਿੰਘ ਅੰਮ੍ਰਿਤਸਰ (ਚੜ੍ਹਾਵਾ ਸਮਾਗਮ) | 341-55 | ਭਾ: ਮੋਹਨ ਸਿੰਘ ਸਮੈਥਿਕ ਯੂ ਕੇ | 150-00 |
| ਸ: ਬਲਬੀਰ ਸਿੰਘ ਡਰੰਬੀ ਯੂ ਕੇ | 110-00 | ਸ: ਅਜੀਤ ਸਿੰਘ ਡਰਬੀ " | 1:0-00 |
| ਬੀ: ਅਮਰਜੀਤ ਕੌਰ ਨੂਨੀਟਨ " | 361-00 | ਸ: ਗਿਆਨ ਸਿੰਘ ਕਲਿਤਰਾਂ | 10-00 |
| ਭਾ: ਜਸਬੀਰ ਸਿੰਘ ਅੰਮ੍ਰਿਤਸਰ | 31-00 | ਭਾ: ਦੁਰਲਭ ਸਿੰਘ, ਅਮਰੀਕਾ | 5000-00 |
| ਬੀ: ਰਣਜੀਤ ਕੌਰ ਬਰਮਿੰਘਮ ਯੂ ਕੇ | 20-00 | ਸ: ਕਰਤਾਰ ਸਿੰਘ ਮੁਕਤਸਰ ਸਾਹਿਬ | 700-00 |
| ਗੁਪਤ ਦਾਨ 100-00 ਗੁਪਤ ਦਾਨ | 101-00 | ਗੁਪਤ ਦਾਨ 200-00 ਗੁਪਤ ਦਾਨ | 100-00 |
| ਸ: ਰਤਨ ਸਿੰਘ ਖੰਨਾ—ਬੀਬੀ ਕੁਲਵੰਤ ਕੌਰ ਦੇ ਭੋਗ ਸਮੇਂ | | | 250-00 |
| ਪ੍ਰਵਾਰ ਭਾਈ ਪਾਲ ਸਿੰਘ ਲੁਧਿਆਣਾ—ਭਾਈ ਪਾਲ ਸਿੰਘ ਦੀ ਅੰਤਮ ਯਾਦ ਵਿਚ | | | 41-00 |

www.AKJ.Org

## ਲਾਭ ਤੇ ਹਾਣ ੧੯੮੯-੯੦

| ਖਰਚ | | | ਆਮਦਨ | |
|---|---|---|---|---|
| ਕਾਗਜ਼-ਪਿਛਲੀ ਬਾਕੀ | ੫੪੦੦-੧੧ | | ਚੰਦੇ ਆਦਿ | ੧੪੭੨੩੪-੩੦ |
| ਨਵੀਂ ਖਰੀਦ | ੮੩੮੧੮-੯੨ | | ਟ੍ਰੈਕਟ ਵਿਕਰੀ | ੧੭੦੬੦-੦੦ |
| | ੮੯੩੧੯-੦੩ | | ਸਹਾਇਤਾ | ੨੭੯੮੨-੭੬ |
| ਬਾਕੀ ਕਾਗਜ਼ | ੮੧੭੫-੦੭ | | ਵਿਆਜ (ਬੈਂਕ) | ੨੮੬੬੭-੮੦ |
| ਲਾਗਤ ਕਾਗਜ਼ ਸੂਰਾ ਤੇ ਟ੍ਰੈਕਟ ਆਦਿ | | ੮੧੧੪੩-੯੬ | ਸਟਾਕ ਬਾਕੀ (੩੧.੩.੯੦) | ੨੬੮੭੬-੮੮ |
| ਛਪਾਈ ਤੇ ਬਾਈਡਿੰਗ ਸੂਰਾ | | ੩੬੦੫੧-੬੯ | | |
| ਪੈਕਿੰਗ | | ੭੭੬੭-੩੦ | | |
| ਡਾਕ | | ੮੯੯੩੩-੮੫ | | |
| ਫੁਟਕਲ ਸਟੇਸ਼ਨਰੀ ਆਵਾਜਾਈ ਆਦਿ | | ੫੯੭੪-੦੫ | | |
| ਫ਼ਰਨੀਚਰ ਡੈਪਰੀਸ਼ੇਸ਼ਨ | | ੫੭੧-੭੦ | | |
| ਟ੍ਰੈਕਟ ਛਪਾਈ ਆਦਿ | | ੮੮੨੫-੬੦ | | |
| ਤਨਖਾਹ | | ੧੫੧੦੦-੦੦ | | |
| ਪਿਛਲਾ ਸਟਾਕ (੩੧.੩.੮੯) | | ੨੪੫੭੦-੫੨ | | ੨੪੮੧੨੧-੯੪ |
| | | | ਖਰਚ ਤੋਂ ਆਮਦਨ ਘਾਟਾ | ੨੧੮੧੬-੭੩ |
| | | ੨,੬੯,੯੩੮-੬੭ | | ੨,੬੯,੯੩੮-੬੭ |

## ਬੈਲੈਂਸ ਸ਼ੀਟ ੧੯੮੯-੯੦

| **Labilities** | | | **Assets** | | |
|---|---|---|---|---|---|
| ਸਰਮਾਇਆ | | | ਬਕਾਇਆ ਸਟਾਕ ੩੧.੩.੯੦ | | ੨੬੮੭੬-੩੮ |
| ਪਿਛਲੀ ਬਾਕੀ | ੧੧੨੦੦੯-੪੯ | | ਕਾਗਜ਼ ਬਾਕੀ | | ੮੧੭੫-੦੭ |
| ਸਾਲ ਦਾ ਘਾਟਾ | ੨੧੮੧੬-੭੩ | ੯੦੧੯੨-੭੬ | ਅਮਾਨਤੀ ਲਾ: ਮੈ: ਐਫ ਡੀਆਂ ਬਣੀਆਂ | | ੪੩੬੯੦੦-੦੦ |
| ਅਮਾਨਤੀ ਲਾ: ਮੈ: ਆਈਆਂ ਰਕਮਾਂ | | ੪੪੫੮੬੧-੨੪ | ਨਿਜੀ ਖਾਤੇ ਲੈਣਦਾਰੀਆਂ | | ੮੧੫੯੩-੪੩ |
| ਨਿਜੀ ਖਾਤੇ (ਦੇਣਦਾਰੀਆਂ) | | ੮੪੮੬੪-੯੦ | ਫ਼ਰਨੀਚਰ | ੫੭੧੭-੦੦ | |
| | | | ਡੈਪਰੀਸ਼ੇਸ਼ਨ | ੫੭੧-੭੦ | ੫੧੪੫-੩੦ |
| | | | ਟੈਲੀਫੂਨ ਸਿਕਉਰੇਟੀ | | ੧੦੦੦-੦੦ |
| | | | ਪੰਜਾਬ ਐਂਡ ਸਿੰਧ ਬੈਂਕ | | ੨੫੫੦੩-੮੭ |
| | | | ਬਕਾਇਆ ਕੈਸ਼ | | ੬੮੩੦-੬੦ |
| | | | ਬਿਲਡਿੰਗ | | ੨੮੮੯੪-੭੪ |
| | | ੬,੨੦,੯੧੮-੯੦ | | | ੬,੨੦,੯੧੮-੯੦ |

| | ਗੁਰਬਚਨ ਸਿੰਘ | ਦਵਿੰਦਰ ਸਿੰਘ | ਸੇਵਾ ਸਿੰਘ | ਬਲਵੰਤ ਸਿੰਘ P.S:A:S: | ਰਾਮ ਸਿੰਘ |
|---|---|---|---|---|---|
| ਦਸਖ਼ਤ | ਕੈਸ਼ੀਅਰ | ਅਕਾਊਟੈਂਟ | ਮੈਨੇਜਰ | ਸੀਨੀਅਰ ਅਕਾਊਂਟ ਅਫਸਰ (ਰੀ:) ਆਡੀਟਰ | ਜਥੇਦਾਰ |

---

ਮਾਸਕ ਰੈਣ ਸਬਾਈ ਗੁ: ਪਾ: ੬, ਮੰਡੀ ਗੋਬਿੰਦ ਗੜ੍ਹ (ਸਾਹਮਣੇ ਸਟੇਸ਼ਨ) 18 ਅਪ੍ਰੈਲ

ਕੋਟ ਫਤੂਹੀ (ਹੁਸ਼ਿਆਰਪੁਰ) ਭਾ: ਨਿਰਮਲ ਸਿੰਘ, 18 ਅਪ੍ਰੈਲ ਭੋਗ ਅਖੰਡਪਾਠ, ਰੈਣ ਸਬਾਈ

ਚੰਡੀਗੜ੍ਹ, 3482-35 ਡੀ, ਭਾ: ਹਰਭਜਨ ਸਿੰਘ, 19 ਅਪ੍ਰੈਲ ਭੋਗ ਅਖੰਡਪਾਠ ਤੇ ਕੀਰਤਨ

ਰੋਪੜ, 1127 ਨੇਹੋਂ ਕਲੋਨੀ, 5665 ਥਰਮਲ ਪਲਾਂਟ, ਕੁਲਵੰਤ ਸਿੰਘ, 25 ਅਪ੍ਰੈਲ ਰੈਣ ਸਬਾਈ

ਤਰਨ ਤਾਰਨ ਕਥਾ ਅਸਥਾਨ ਦਰਬਾਰ ਸਾਹਿਬ, 25 ਅਪ੍ਰੈਲ ਗੁਰਪੁਰਬ ਰੈਣ ਸਬਾਈ

ਫਰੀਦਕੋਟ, ਡੋਗਰ ਬਸਤੀ, ਗਲੀ 6, ਭਾ:ਬੀਰ ਸਿੰਘ, 25 ਅਪ੍ਰੈਲ ਭੋਗ ਅਖੰਡਪਾਠ ਤੇ ਰੈਣ ਸਬਾਈ

www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਭਾਈ ਤਰਸੇਮ ਸਿੰਘ ਪਰਤਾਪਪੁਰਾ—ਪੁਤਰ ਪੁਲਸ ਹਿਰਾਸਤ ਵਿਚ, ਪੈਰਵੀ ਲਈ | ੫੦੦੦-੦੦ |
| ਬੀ: ਪ੍ਰੀਤਮ ਕੌਰ ਪਤਨੀ ਭਾਈ ਸੋਹਣ ਸਿੰਘ ਚੱਬਾ—ਦੋ ਪੁਤਰ ਸ਼ਹੀਦ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਦਾਰਾ ਜੀ ਪਤਨੀ ਸ੍ਰੀ ਸ਼ਿੰਗਾਰਾ ਜੀ ਘਣੀਏ ਕੇ ਬਾਂਗਰ—ਪੁਤਰ ਸ਼ਹੀਦ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਬਲਵਿੰਦਰ ਕੌਰ ਪਤਨੀ ਭਾ: ਕਰਮ ਸਿੰਘ ਜੰਡਿਆਲਾ ਗੁਰੂ—ਪਤੀ ਲਾਪਤਾ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਸੁੰਦਰ ਕੌਰ ਮਾਤਾ ਭਾਈ ਸਰਬਜੀਤ ਸਿੰਘ ਨਵੀਂ ਦਿਲੀ—ਪੁਤਰ ਜੇਲ੍ਹ ਕੋਈ ਕਮਾਊ ਨਹੀਂ | ੫੦੦੦-੦੦ |
| ਬੀ: ਸੰਪੂਰਨ ਕੌਰ ਪਤਨੀ ਸ਼ਹੀਦ ਭਾਈ ਨਿਰਮਲ ਸਿੰਘ ਨਵੀਂ ਦਿਲੀ—ਪਤੀ ਸ਼ਹੀਦ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਮਹਿੰਦਰ ਕੌਰ ਮਾਤਾ ਸ਼ਹੀਦ ਗੁਰਿੰਦਰ ਸਿੰਘ ਭਾਗੋਵਾਲ—ਪੁਤਰ ਸ਼ਹੀਦ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਹਰਭਜਨ ਕੌਰ ਪਤਨੀ ਭਾਈ ਭਜਨ ਸਿੰਘ ਸਖੀਰਾ—ਪੁਤਰ ਜੇਲ੍ਹ ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਸ਼ਰਨਜੀਤ ਕੌਰ ਪਤਨੀ ਭਾਈ ਤਰਲੋਕ ਸਿੰਘ ਵਡਾਲਾਂ—ਪਤੀ ਜੇਲ੍ਹ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਰਵਿੰਦਰ ਕੌਰ ਪਤਨੀ ਸ਼ਹੀਦ ਬਲਵੀਰ ਸਿੰਘ ਭੁਲਰ ਕਲਾਂ—ਪਤੀ ਸ਼ਹੀਦ, ਗੁਜ਼ਾਰਾ ਮੁਸ਼ਕਲ | ੧੦੦੦੦-੦੦ |
| ਬੀ: ਸਵਿੰਦਰ ਕੌਰ ਮਾਤਾ ਭਾਈ ਜਗੀਰ ਸਿੰਘ ਭੇਰੋਵਾਲ—ਪੁਤਰ ਸ਼ਹੀਦ, ਲੜਕੀ ਦੀ ਸ਼ਾਦੀ ਲਈ | ੫੦੦੦-੦੦ |
| ਬੀ: ਕਸ਼ਮੀਰ ਕੌਰ ਮਾਤਾ ਸ਼ਹੀਦ ਰਾਮ ਸਿੰਘ ਦੌਣ ਕਲਾ—ਪੁਤਰ ਸ਼ਹੀਦ, ਘਰੇਲੂ ਲੋੜਾਂ | ੧੦੦੦੦-੦੦ |
| ਬੀ: ਜੁਗਿੰਦਰ ਕੌਰ ਮਾਤਾ ਸ਼ਹੀਦ ਸਤਨਾਮ ਸਿੰਘ ਮਹੱਦੀਆ—ਪੁਤਰ ਸ਼ਹੀਦ, ਲੜਕੀ ਦੀ ਸ਼ਾਦੀ ਲਈ | ੧੦੦੦੦-੦੦ |
| ਬੀ: ਕੁਲਵਿੰਦਰ ਕੌਰ ਪਤਨੀ ਸ਼ਹੀਦ ਜਗਤਾਰ ਸਿੰਘ ਮਿਹਰਪੁਰ—ਪਤੀ ਸ਼ਹੀਦ, ਪੁਤਰ ਲਤ ਤੋਂ ਨਕਾਰਾ | ੧੦੦੦੦-੦੦ |
| ਬੀ: ਅਮਰ ਕੌਰ ਮਾਤਾ ਸ਼ਹੀਦ ਬਲਜੀਤ ਸਿੰਘ ਰੰਗੀਆ—ਪੁਤਰ ਸ਼ਹੀਦ, ਪਤੀ ਤਸ਼ੱਦਦ ਦਾ ਸ਼ਿਕਾਰ | ੧੦੦੦੦-੦੦ |
| ਬੀ: ਕੁਲਬੀਰ ਕੌਰ ਪਤਨੀ ਸ਼ਹੀਦ ਜੁਗਿੰਦਰ ਸਿੰਘ ਸਰਸਾਣੀਆ—ਪਤੀ ਸ਼ਹੀਦ, ਪੁਤਰ ਲਾਪਤਾ | ੧੦੦੦੦-੦੦ |
| ਬੀ: ਕਰਤਾਰ ਕੌਰ ਮਾਤਾ ਸ਼ਹੀਦ ਹਰਜੀਤ ਸਿੰਘ ਜਨਹੇੜੀਆ—ਪੁਤਰ ਸ਼ਹੀਦ, ਘਰੇਲੂ ਲੋੜਾਂ | ੧੦੦੦੦-੦੦ |
| ਬੀ: ਹਰਬੰਸ ਕੌਰ ਮਾਤਾ ਸ਼ਹੀਦ ਗੁਰਦੇਵ ਸਿੰਘ ਧੂੰਦਾ—ਪੁਤਰ ਸ਼ਹੀਦ, ਪਤੀ ਬਿਰਧ | ੧੦੦੦੦ ੦੦ |
| ਬੀ: ਸੁਰਿੰਦਰ ਕੌਰ ਪਤਨੀ ਸ਼ਹੀਦ ਸ਼ੇਰ ਸਿੰਘ ਖਾਨਪੁਰ—ਪਤੀ ਸ਼ਹੀਦ, ਘਰੇਲੂ ਲੋੜਾਂ | ੧੦੦੦੦-੦੦ |
| ਬੀ: ਅਮਰਜੀਤ ਕੌਰ ਪਤਨੀ ਸ਼ਹੀਦ ਗੁਰਮੀਤ ਸਿੰਘ ਗੋਪਾਲਪੁਰ—ਪਤੀ ਸ਼ਹੀਦ, ਘਰੇਲੂ ਲੋੜਾਂ | ੧੦੦੦੦-੦੦ |
| ਬੀ: ਦਵਿੰਦਰ ਕੌਰ ਪਤਨੀ ਸ਼ਹੀਦ ਕਰਨੈਲ ਸਿੰਘ ਖਾਨਪੁਰ—ਪਤੀ ਸ਼ਹੀਦ, ਘਰੇਲੂ ਲੋੜਾਂ | ੧੦੦੦੦-੦੦ |
| ਬੀ: ਸਵਰਨ ਕੌਰ ਮਾਤਾਂ ਸ਼ਹੀਦ ਨਿਸ਼ਾਨ ਸਿੰਘ ਲਾਡੀ ਸਵੈਦੀਪੁਰ—ਪਤੀ ਸ਼ਹੀਦ, ਘਰੇਲੂ ਲੋੜਾਂ | ੧੦੦੦੦-੦੦ |
| ਬੀ: ਰਜਿੰਦਰ ਕੌਰ ਪਤਨੀ ਸ਼ਹੀਦ ਨਛਤਰ ਸਿੰਘ ਫੌਜੀ—ਪਤੀ ਸ਼ਹੀਦ, ਬਚਿਆਂ ਦੀ ਪੜ੍ਹਾਈ | ੧੦੦੦੦-੦੦ |
| ਬੀ: ਬਲਵਿੰਦਰ ਕੌਰ ਮਾਤਾ ਸ਼ਹੀਦ ਕਸ਼ਮੀਰਾ ਸਿੰਘ ਅਠਵਾਲ—ਪੁਤਰ ਸ਼ਹੀਦ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਜਗੀਰ ਕੌਰ ਮਾਤਾ ਸ਼ਹੀਦ ਸੁਖਦੇਵ ਸਿੰਘ ਸੁਰ ਸਿੰਘ—ਪੁਤਰ ਸ਼ਹੀਦ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਜਗੀਰ ਕੌਰ ਮਾਤਾ ਸ਼ਹੀਦ ਸੁਖਦੇਵ ਸਿੰਘ ਸੁਰ ਸਿੰਘ—ਪੁਤਰ ਸ਼ਹੀਦ ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਭਾਈ ਦਲਜੀਤ ਸਿੰਘ ਗ੍ਰੇਵਜ਼ੈਂਡ ਯੂ. ਕੇ. ਵਲੋਂ ਸ਼ਹੀਦਾਂ ਭਾਈ ਜਟਾਣਾ, ਭਾਈ ਚਰਨਜੀਤ ਸਿੰਘ, ਚੰਨਾ ਅਤੇ ਭਾਈ ਸੰਤ ਸਿੰਘ ਗੀਗੇ ਮਾਜਰੇ ਦੇ ਪਰਵਾਰਾਂ ਨੂੰ! | ੨੫੦੦-੦੦ |
| ਬੀ: ਅਮਰ ਕੌਰ ਪਤਨੀ ਸਵਰਗਵਾਸੀ ਭਾਈ ਭਜਨ ਸਿੰਘ ਮੰਦਰਾਸੀ ਪਰਵਾਰ ਨੂੰ (ਫ਼ਰਵਰੀ ਮਾਰਚ) | !੨੦੦-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਬੀਬੀ ਗੁਰਬਚਨ ਕੌਰ ਲੁਧਿਆਣਾ | ੧੦੦-੦੦ | ਪਰਵਾਰ ਵਲੋਂ | |
| ਸ: ਕੁਲਬੀਰ ਸਿੰਘ ਐਂਡ ਬ੍ਰਦਰਜ਼ ਲੁਧਿਆਣਾ | | ਭਾਈ ਪਾਲ ਸਿੰਘ ਲੁਧਿਆਣੇ ਵਾਲੇ ਦੀ ਯਾਦ ਵਿਚ | ੭੦੧-੦੦ |
| ਮਾਤਾ ਪ੍ਰਕਾਸ਼ ਕੌਰ ਦੇ ਭੋਗ ਸਮੇਂ ਚੜ੍ਹਾਵਾ | ੬੦੦-੦੦ | ਅਖੰਡ ਕੀਰਤਨੀ ਜਥਾ ਸਲੋਅ ਯੂ. ਕੇ. | ੨੯੫੦੦-੦੦ |
| ਅਖੰਡ ਕੀਰਤਨੀ ਜਥਾ ਗ੍ਰੇਵਜ਼ੈਂਡ ਯੂ. ਕੇ | ੪੬੧੮-੦੦ | ਭਾਈ ਗੁਰਨਾਮ ਸਿੰਘ ਭੋਪਾਲ | ੧੦੦੧-੦੦ |
| ਬੀਬੀ ਨਿਰਮਲ ਕੌਰ ਸਲੋਅ ,, | ੪੬੦-੦੦ | ਭਾਈ ਜੀਵਨ ਸਿੰਘ ਕੀਰਤਨੀਆ ਅਤੇ ਸੰਗਤ | ੨੫੦੦੦-੦੦ |
| ਭਾਈ ਪਰਮਜੀਤ ਸਿੰਘ ਸਲੋਅ | ੧੧੬੦-੦੦ | ਅਖੰਡ ਕੀਰਤਨੀ ਜਥਾ ਜਬਲਪੁਰ | ੮੫੫-੦੦ |
| ਗੁਪਤ ਸੇਵਾ ਸਾਊਥਾਲ | ੩੧੬੦-੦੦ | ਭਾਈ ਤੇਜਿੰਦਰ ਸਿੰਘ ਲੁਧਿਆਣਾ | ੨੦੦-੦੦ |
| ਭਾਈ ਕਸ਼ਮੀਰ ਸਿੰਘ ਮੇਡਨਹੈਡ | ੪੧੬੦-੦੦ | ਭਾਈ ਵਰਿਆਮ ਸਿੰਘ ਵੂਲਵਰ ਹੈਮਟਨ | ੨੦੦-੦੦ |
| ਭਾਈ ਜਰਨੈਲ ਸਿੰਘ ਰੋਪੜ | ੫੦੦-੦੦ | ਬੀਬੀ ਗੁਰਬਚਨ ਕੌਰ ਲੁਧਿਆਣਾ | ੧੦੦-੦੦ |
| ਭਾਈ ਪ੍ਰੀਤਮ ਸਿੰਘ ਅਤੇ ਪ੍ਰਵਾਰ ਸਲੋਅ ਯੂ. ਕੇ. | ੧੪੫੦-੦੦ | ਗੁਪਤ ਸੇਵਾ | ੫੦੦-੦੦ |

---

**ਪਠਾਨਕੋਟ ਗ: ਮੀਰਪੁਰ ਕਾਲੋਨੀ (ਨੇੜ ਮਾਡਲ ਟਾਊਨ) 2 ਮਈ ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ**

1 ਮਈ ਸਵੇਰੇ ਕੀਰਤਨ ਗ੍ਰਹਿ ਭਾ:ਸ਼ਿੰਗਾਰਾ ਸਿੰਘ,240 ਗਾਂਧੀ ਨਗਰ, ਸ਼ਾਮ ਗ੍ਰਹਿ ਭਾ:ਗੁਰਦੀਪ ਸਿੰਘ 250 ਨਰੋਟ ਕਾਲੋਨੀ

**ਖੰਨਾ ਵਿਖੇ ਸਾਲਾਨਾ ਸਮਾਗਮ 21 ਤੋਂ 24 ਮਈ—ਵੇਰਵਾ ਆਉਂਦੇ ਸੂਰਾ ਵਿਚ**

www.AKJ.Org



## ਭਾਈ ਪਾਲ ਸਿੰਘ ਜੀ ਅਕਾਲ ਚਲਾਣਾ ਕਰ ਗਏ

ਭਾਈ ਪਾਲ ਸਿੰਘ ਲੁਧਿਆਣੇ ਵਾਲੇ ਸਾਬਕ ਡਾਇਰੈਕਟਰ ਮਾਰਕੀਟਿੰਗ ਪੰਜਾਬ, ਜੋ ਅੱਜ ਕਲ ਆਪਣੇ ਫ਼ਾਰਮ ਤੇ ਮੁਕਤਸਰ ਰਹਿੰਦੇ ਸਨ, ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸਮੇਂ ਦੇ ਪੁਰਾਤਨ ਗੁਰਸਿਖ ਸਨ । 6 ਮਾਰਚ 1992 ਨੂੰ ਅੰਮ੍ਰਿਤ ਵੇਲੇ ਸਾਢੇ ਬਾਰ੍ਹਾਂ ਵਜੇ ਉਠ ਕੇ ਇਸ਼ਨਾਨ ਕੀਤਾ । ਉਪਰੰਤ ਨਿਤਨੇਮ ਕਰਨ ਤੋਂ ਪਹਿਲਾਂ ਹੀ ਅਚਨਚੇਤ ਸੱਚੇ ਪਾਤਸ਼ਾਹ ਦੇ ਸੱਦੇ ਆ ਗਏ । ਆਪ ਬੜੇ ਮਿਠੇ, ਨਿਮਰ, ਧੀਰਜ ਤੇ ਸ਼ਾਂਤ ਬਿਰਤੀ ਵਾਲੇ ਨਾਮ ਬਾਣੀ ਦੇ ਅਹਾਰੀ ਗੁਰਸਿਖ ਸਨ। ਆਪ ਨਮਿਤ 15 ਮਾਰਚ ਨੂੰ ਸ੍ਰੀ ਅਖੰਡ ਪਾਠ ਤੇ ਕੀਰਤਨ ਸਮਾਗਮ ਹੋਏ । ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ ।

## ਪਿੰਡ ਮਲੋਆ ਚੰਡੀਗੜ੍ਹ ਵਿਖੇ ਸਾਲਾਨਾ ਸਮਾਗਮ

4 ਅਪ੍ਰੈਲ ਸਵੇਰ ਅਖੰਡ ਪਾਠ ਦੇ ਭੋਗ ਤੇ ਕੀਰਤਨ । ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ

# ਸ੍ਰੀ ਅੰਮ੍ਰਿਤਸਰ ਵਿਖੇ ਵੈਸਾਖੀ ਅਖੰਡ ਕੀਰਤਨ ਸਮਾਗਮ

**ਅਖੰਡ ਕੀਰਤਨੀ ਜਥਿਆਂ ਵਲੋਂ 12ਅਪ੍ਰੈਲ ਐਤਵਾਰ ਸਵੇਰ ਤੋਂ 14ਅਪ੍ਰੈਲ 1992 ਮੰਗਲਵਾਰ ਸਵੇਰ ਤਕ**

12-4-92 ਸਵੇਰੇ 5-30 ਤੋਂ 12-00 ਦੁਪਹਿਰ ਤਕ ਅਖੰਡ ਕੀਰਤਨ — ਗੁਰਦਵਾਰਾ ਸ਼ਹੀਦ ਗੰਜ ਬੀ ਬਲਾਕ ਵਿਖੇ
ਸ਼ਾਮ 4-30 ਤੋਂ 6-45 ਅਖੰਡ ਕੀਰਤਨ (ਦੋ ਚੌਂਕੀਆਂ) — ਸ੍ਰੀ ਹਰਿਮੰਦਰ ਸਾਹਿਬ ਵਿਖੇ

13-4-92 ਸਵੇਰੇ 5-30 ਤੋਂ 12-00 ਅਖੰਡ ਕੀਰਤਨ — ਗੁਰਦਵਾਰਾ ਸ੍ਰੀ ਰਾਮਸਰ ਵਿਖੇ
ਸ਼ਾਮ ਸੋਦਰ ਤੋਂ ਉਪਰੰਤ ਰੈਣ ਸਬਾਈ ਕੀਰਤਨ ਆਰੰਭ — ਗੁਰਦਵਾਰਾ ਮੰਜੀ ਸਾਹਿਬ (ਦਰਬਾਰ ਸਾਹਿਬ)
ਅੰਮ੍ਰਿਤ-ਸੰਚਾਰ ਸ਼ਾਮ ਨੂੰ ਸ੍ਰੀ ਗੁਰੂ ਰਾਮਦਾਸ ਖਾਲਸਾ ਸੀਨੀਅਰ ਸਕੈਂਡਰੀ ਸਕੂਲ, ਰਾਮਸਰ ਰੋਡ

**ਅਨੰਦ ਕਾਰਜ** 12 ਅਪ੍ਰੈਲ ਐਤਵਾਰ ਸਵੇਰੇ ਗੁਰਦਵਾਰਾ ਸ਼ਹੀਦ ਗੰਜ ਬੀ ਬਲਾਕ ਵਿਖੇ ਹੋਣਗੇ ।

ਨੋਟ—ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ । (2) ਰਿਹਾਇਸ਼ ਤੇ ਲੰਗਰ ਸ੍ਰੀ ਗੁਰੂ ਰਾਮਦਾਸ ਖਾ:ਸੀ:ਸ: ਸਕੂਲ ਵਿਖੇ

ਪੁਛਗਿਛ : 'ਸੂਰਾ'ਪੱਤਰ,ਦਸਮੇਸ਼ ਮਾਰਕੀਟ,ਅਜੀਤ ਨਗਰ(ਫ਼ੋਨ ਪੀ.ਪੀ.43095) — ਸੰਗਤਾਂ ਦਾ ਦਾਸਰਾ—ਜਥੇਦਾਰ
(2) ਸਿੰਘ ਬ੍ਰਦਰਜ਼,ਬਜ਼ਾਰ ਮਾਈ ਸੇਵਾਂ,ਅੰਮ੍ਰਿਤਸਰ(ਫੋਨ 45787) — ਅਖੰਡ ਕੀਰਤਨੀ ਜਥਾ (ਕੇਂਦਰੀ ਦਫਤਰ)

**ਨਾਰੰਗਵਾਲ(ਲਧਿਆਣਾ)ਵਿਖੇ ਪਾ:੧੦ ਗੁਰਿਆਈ ਗੁਰਪੁਰਬ ਰੈਣ ਸਬਾਈ 4 ਅਪ੍ਰੈਲ, ਗੁ: ਅਕਾਲੀਵਾਲਾ**

ਬਾਬਾ ਨਰੈਣ ਸਿੰਘ ਦੀ ਬੇਨਤੀ ਹੈ ਕਿ ਹੁਣ ਸਰੀਰ ਦਾ ਭਰੋਸਾ ਨਹੀਂ, ਜ਼ਰੂਰੀ ਦਰਸ਼ਨ ਦਿਓ ਜੀ ।

---

## ਅਖੰਡ ਕੀਰਤਨ ਜਥਾ ਯੂ. ਕੇ. ਵਲੋਂ ਗੁਰਮਤਿ ਪ੍ਰੋਗਰਾਮ

(1) ਸ੍ਰੀ ਅਖੰਡਪਾਠ 10 ਤੋਂ 12 ਅਪ੍ਰੈਲ 1992, ਗ੍ਰਹਿ ਭਾ: ਜਗਤਾਰ ਸਿੰਘ, 44-Shatker Dale Rd, ਲਸਿਸਟਰ ਫ਼ੋਨ 0533-881426, ਭਾ: ਜੋਗਿੰਦਰ ਸਿੰਘ 0533-764179

**ਸ਼ਹੀਦੀ ਸਮਾਗਮ** ਹਫ਼ਤੇਵਾਰੀ ਪ੍ਰੋਗਰਾਮ 20 ਤੋਂ 23 ਅਪ੍ਰੈਲ, ਸ੍ਰੀ ਅਖੰਡਪਾਠ 23 ਸ਼ਾਮ ਤੋਂ 25 ਅਪ੍ਰੈਲ ਸ਼ਾਮ, ਉਪਰੰਤ ਰੈਣ ਸਬਾਈ, 12 ਤੋਂ 4 ਦੁਪਹਿਰ ਤਕ ਢਾਡੀ ਦਰਬਾਰ । ਅੰਮ੍ਰਿਤ ਸਿੰਚਾਰ 25 ਰਾਤ ਨੂੰ । ਗੁਰਦਵਾਰਾ 98-ਵੈਸਟ ਸਟਰੀਟ ਲਮਿੰਗਟਨ ਸਪਾ, ਗੁਰਦਵਾਰਾ ਫੋਨ 0926-424297, ਭਾ: ਜਰਨੈਲ ਸਿੰਘ 0926-330008,

(3) ਸ੍ਰੀ ਅਖੰਡਪਾਠ 1 ਤੋਂ 3 ਮਈ, ਗ੍ਰਹਿ ਭਾ: ਜਸਮੇਲ ਸਿੰਘ, 2-ਏ ਕਾਰਲਿਸਲੇ ਰੋਡ, ਸਲੋਅ, ਫੋਨ 0 53-527043

(4) ਸ੍ਰੀ ਅਖੰਡਪਾਠ 15 ਤੋਂ 17 ਮਈ,ਭਾ:ਕੁਲਵੰਤ ਸਿੰਘ,7-ਵਾਇਲੇ ਰੋਡ,ਸਾਊਥਾਲ,ਫੋਨਭਾ:ਜਰਨੈਲਸਿੰਘ0926-330008

(5) ਸ੍ਰੀ ਅਖੰਡਪਾਠ ਵੈਸਾਖੀ 11 ਤੋਂ 13 ਅਪ੍ਰੈਲ ਗ੍ਰਹਿ ਭਾ: ਗੁਰਮੇਜ ਸਿੰਘ, Carriege brooke Road, Edgbeston ਬਰਮਿੰਘਮ, ਫ਼ੋਨ 021-420-4015

---

ਮਨੀਆਰਡਰ, ਬੈਂਕ ਡਰਾਫ਼ਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ (ਫ਼ੋਨ ਪੀ ਪੀ. 43045)

**'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

www.AKJ.Org